# ਚਿੰਤਨ ਦੀ ਕੁੱਖ

## ਧੰਨਵਾਦ

ਮੈਂ ਤਹਿਦਿਲੋਂ ਰਿਣੀ ਹਾਂ ਆਪਣੇ ਪਤੀ ਸ. ਹਿਰਦੇਪਾਲ ਸਿੰਘ ਮੱਕੜ ਦੀ ਜਿਨ੍ਹਾਂ ਨੇ ਮੇਰੀ ਸਹਿਰਾ ਵਰਗੀ ਜ਼ਿੰਦਗੀ ਨੂੰ ਆਪਣੇ ਪਿਆਰ ਦੇ ਹੁਲਾਰੇ ਸਦਕਾ ਮਹਿਕਦੀ ਬਹਾਰ ਕਰ ਦਿੱਤਾ। ਉਹਨਾਂ ਮੇਰੇ ਅਧੂਰੇ ਸੁਪਨਿਆਂ ਨੂੰ ਖੰਭ ਲਗਾ ਕੇ ਦੂਰ ਮੋਕਲੇ ਅੰਬਰਾਂ ਤੀਕ ਉਡਾਰੀ ਮਾਰਨ ਦੀ ਖੁੱਲ੍ਹ ਦੇ ਦਿੱਤੀ। ਮੇਰੀ ਆਂਤਰਿਕ ਸ਼ਕਤੀ, ਕੰਮ ਦੀ ਲਗਨ ਅਤੇ ਦ੍ਰਿੜਤਾ ਜਿਹੜੀ ਕਿ ਗਰਦਿਸ਼ ਭਰੇ ਸਿਤਾਰਿਆਂ ਕਾਰਨ ਹਲਾਤਾਂ ਦੀ ਮਾਰ ਹੇਠ ਦਬ ਕੇ ਰਹਿ ਗਈ, ਨੂੰ ਆਪਣੀ ਖੁੱਲ੍ਹ-ਦਿਲੀ ਨਾਲ ਨਵੇਂ ਦਿਸਹੱਦਿਆਂ ਦੀ ਪਛਾਣ ਕਰਵਾਈ। ਉਹਨਾਂ ਦੇ ਹੌਸਲਾ ਵਧਾਊ ਮਿੱਠੜੇ ਬੋਲਾਂ ਸਦਕਾ ਮੇਰੀ ਕਲਮ ਉਡਾਰੀ ਭਰ ਕੇ ਪਾਠਕਾਂ ਦੇ ਹੱਥਾਂ ਵਿਚ ਭਰਪੂਰ ਪਿਆਰ ਲੈ ਰਹੀ ਹੈ। ਮੈਂ ਆਪਣੇ-ਆਪ ਨੂੰ ਕਰਜ਼ਦਾਰ ਮਹਿਸੂਸ ਕਰ ਰਹੀ ਹਾਂ।

## ਸਮਰਪਣ

ਪਿਆਰੇ ਬੱਚੇ ਅਨੂਰੂਪ ਉਂਕਾਰ ਸਿੰਘ ਦੇ ਨਾਂ
ਜਿਸਨੂੰ ਸਮਾਜ ਦੇ ਸੰਵੇਦਨਹੀਨ ਬੇਰਹਿਮ
ਪੰਜਿਆਂ ਨੇ ਮੇਰੇ ਕੋਲੋਂ ਖੋਹ ਲਿਆ ।
ਵਿਛੋੜੇ ਦੇ ਦਰਦ ਦੀ ਇੰਤਹਾ ਵਿਚੋਂ ਪੈਦਾ
ਹੋਇਆ ਪ੍ਰਭੂ-ਵੈਰਾਗ ਵਿਚੋਂ ਕਵਿਤਾ ਦਾ ਜਨਮ ।

## ਸਾਂਝੇ ਕਾਵਿ ਸੰਗ੍ਰਹਿ

ਮਾਂ ਬਿਨ (ਸੰਪਾਦਕ) ਸ. ਗੁਰਦੀਪ ਸਿੰਘ ਪੁਰੀ
ਲਹਿਰਾਂ ਸਤਲੁਜ ਦੀਆਂ ਵੱਲੋਂ ਲਿਖਾਰੀ ਸਭਾ ਰੋਪੜ
ਕਾਵਿ-ਪਰਿਕਰਮਾ(ਮੁੱਖ ਸੰਪਾਦਕ)ਸ੍ਰੀ ਬਾਬੂ ਰਾਮ ਦੀਵਾਨਾ
ਕਾਵਿ-ਚੇਤਨਾ (ਡਾ.ਧਰਮ ਸਵਰੂਪ ਗੁਪਤ) ਹਿੰਦੀ
ਅੰਬਰੀਂ ਉਡਦੀਆਂ ਡਾਰਾਂ (ਕੇਵਲ ਮਾਨਕਪੁਰੀ)
ਰਹਿਨੁਮਾ ਪਿਤਾ (ਪਰਮਜੀਤ ਪਰਮ)
ਅੰਮੀ ਜਾਈ ਕੀ ਕਰੇ (ਪ੍ਰਸੰਗ ਤੇ ਪਾਠ) (ਕ੍ਰਿਤ--ਗਿੱਲ ਮੋਰਾਂਵਾਲੀ) (ਸੰਪਾਦਕਾ--ਜੀਤ ਦਵਿੰਦਰ ਕੌਰ)

## ਆਪਣੇ ਵੱਲੋਂ

ਘਰ ਦਾ ਮਹੌਲ ਧਾਰਮਿਕ ਹੋਣ ਕਰਕੇ ਅਤੇ ਸਕੂਲਾਂ ਵਿਚ ਦੇਸ਼ ਭਗਤੀ ਦੀ ਸਿੱਖਿਆ ਮਿਲਣ ਕਰਕੇ ਕਹਿੰਦੇ ਗੋਰਿਆਂ ਮੁਕੱਦਮਾ ਕਰਿਆ ਭਗਤ ਸਿੰਘ ਸੂਰਮੇ ਤੇ, ਜਿਹੇ ਦੇਸ਼ ਭਗਤੀ ਦੇ ਅਤੇ ਧਾਰਮਿਕ ਗੀਤ ਬਾਲ ਸਭਾਵਾਂ ਵਿਚ ਗਾਉਣੇ, ਸਿਲੇਬਸ ਦੀਆਂ ਪੰਜਾਬੀ ਕਵਿਤਾਵਾਂ ਹੇਕਾਂ ਲਾ-ਲਾ ਕੇ ਬੋਲਦੇ ਫਿਰਨਾ। ਕੁੜੀਆਂ-ਮੁੰਡਿਆਂ ਦੇ ਵਿਆਹਾਂ ਸਮੇਂ ਬਿਠਾਏ ਜਾਂਦੇ ਕਈ-ਕਈ ਦਿਨਾਂ ਦੇ ਗਾਉਣਾਂ ਸਮੇਂ ਸੁਹਾਗ ਅਤੇ ਘੋੜੀਆਂ, ਗਿੱਧੇ ਵਿਚ ਪੈਂਦੀਆਂ ਬੋਲੀਆਂ ਨੇ ਬਚਪਨ ਤੇ ਜਵਾਨੀ ਨੂੰ ਗੀਤ-ਸੰਗੀਤ ਨਾਲ ਸਰਾਬੋਰ ਕਰੀ ਰੱਖਿਆ। ਲੋਹੜੀ ਤੋਂ ਦਸ-ਪੰਦਰਾਂ ਦਿਨ ਪਹਿਲਾਂ ਹੀ ਮੁੰਡੇ-ਕੁੜੀਆਂ ਦਾ ਘਰ-ਘਰ ਜਾ ਕੇ ਲੋਹੜੀ ਮੰਗਣ ਦਾ ਸਿਲਸਿਲਾ ਸ਼ੁਰੂ ਹੋਣ ਨਾਲ ਹਰ ਸ਼ਾਮ ਗੀਤਾਂ ਨਾਲ ਪਿੰਡ ਦਾ ਸ਼ਾਂਤ ਮਾਹੌਲ ਗੂੰਜਦਾ ਰਹਿੰਦਾ। ਹਿੰਦੀ ਪੰਜਾਬੀ ਗਾਣਿਆਂ ਤੇ ਪੁੱਠੀ-ਸਿੱਧੀ ਵਿਅੰਗਮਈ ਤੁਕਬੰਦੀ ਕਰਨੀ ਇਹ ਬਚਪਨ ਦੀਆਂ ਖੇਡਾਂ ਅੱਡੀ-ਛੜੱਪਾ, ਗੇਂਦ-ਗੀਟੇ, ਪੀਚੂ, ਕਿੱਕਲੀ, ਪਿੱਠੂ, ਸ਼ੇਰ-ਬੱਕਰੀ, ਆਦਿ ਜਿਹੀਆਂ ਖੇਡਾਂ ਵਿਚ ਸ਼ਾਮਲ ਹੁੰਦੇ ਸਨ। ਸ਼ਾਇਦ ਇਹ ਪੰਜਾਬੀ ਸੱਭਿਆਚਾਰ ਦੀ ਖਾਸੀਅਤ ਹੈ ਕਿ ਮਾਂ ਦੀਆਂ ਲੋਰੀਆਂ, ਇਸਦੇ ਹਾਸਿਆਂ, ਖੇਡਿਆਂ ਅਤੇ ਰੋਣਿਆਂ ਵਿਚੋਂ ਵੀ ਕਵਿਤਾ ਜਨਮ ਲੈਂਦੀ ਹੈ। ਕਵਿਤਾ ਕਦੇ ਨਹੀਂ ਮੁੱਕਦੀ। ਕਾਇਨਾਤ ਹਰ ਵਕਤ ਗੀਤ ਗੁਣ-ਗੁਣਾਉਂਦੀ ਰਹਿੰਦੀ ਹੈ। ਨਾਨੀ ਮਾਂ ਕੋਲੋਂ ਅੱਧੀ-ਅੱਧੀ ਰਾਤ ਤੱਕ ਚੰਨ ਦੀ ਠੰਢੀ ਚਾਨਣੀ ਅਤੇ ਕਦੀ ਸਰਦੀਆਂ ਵਿਚ ਰਜਾਈ ਦੇ ਨਿੱਘ ਸੰਗ ਮਾਣੀਆਂ ਕਹਾਣੀਆਂ ਵੀ ਦਿਲ ਦੇ ਚਿਤਰ-ਪਟ ਤੇ ਹਮੇਸ਼ਾਂ ਹੀ ਤਰੋਤਾਜ਼ਾ ਰਹਿੰਦੀਆਂ ਹਨ।

ਦਇਆ ਧਰਮ ਦੀ ਜਾਗ ਲੱਗ ਕੇ ਸ਼ੁਰੂ ਹੋਇਆ ਅਠਖੇਲੀਆਂ ਕਰਦਾ ਬਚਪਨ, ਅੱਥਰੀ ਹੁੰਦੜਹੇਲ ਜਵਾਨੀ ਦੇ ਮੁਹਾਣਿਓਂ ਬਰਸਾਤਾਂ ਚੜ੍ਹੇ ਸ਼ੂਕਦੇ ਦਰਿਆ ਵਾਂਗ ਚੁਲਬੁਲਾਹਟਾਂ ਕਰਦਾ, ਘੁੰਮਣ-ਘੇਰੀਆਂ ਪਾਉਂਦਾ ਸਮਾਜ ਦੇ ਕੌੜੇ-ਕੁਸੈਲੇ ਯਥਾਰਥ ਤੇ ਕਿੰਤੂ-ਪ੍ਰੰਤੂ ਕਰਦਾ। ਉਮਰ ਦਾ ਉਹ ਪੜਾਅ ਜਦ ਨਿਆਣੀ ਗੱਲ ਕਰਨ ਤੇ ਸੁਣਨ ਨੂੰ ਮਿਲਦਾ ਕਿ ਕੋਠੇ ਜਿੱਡੀ ਹੋ ਗਈ ਅਕਲ ਪਤਾ ਨ੍ਹੀਂ ਕਦੋਂ ਆਊਗੀ। ਜੇ ਸਿਆਣੀ ਗੱਲ ਕੀਤੀ ਤਾਂ ਵੇਖਾਂ ਹੁਣੇ ਨਾਨੀਆਂ-ਪੜਨਾਨੀਆਂ ਵਾਲੀਆਂ ਗੱਲਾਂ ਕਰਦੀ ਐ। ਮੈਨੂੰ ਅਜੇ ਵੀ ਕਈ ਘਟਨਾਵਾਂ ਐਸੀਆਂ ਯਾਦ ਆਉਂਦੀਆਂ ਹਨ ਜਿਨ੍ਹਾਂ ਤੇ ਮੈਂ ਬਹਿਸ ਕਰਿਆ ਕਰਦੀ ਸੀ। ਪਰ, ਅੱਜ ਉਹ ਮੁੱਦੇ ਸਪੋਕਸਮੈਨ ਅਖਬਾਰ ਦੀ ਬਦੌਲਤ ਪੱਚੀ-ਤੀਹ ਸਾਲ ਬਾਅਦ ਉਠਾਏ ਜਾ ਰਹੇ ਹਨ। ਜਿਵੇਂ ਸਹਿਜਧਾਰੀ ਸਿੱਖਾਂ ਦੀਆਂ ਵੋਟਾਂ ਬਨਣ ਦਾ ਮਸਲਾ, ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਪੰਥ ਵੱਲੋਂ ਅਣਦੇਖੀ।

ਮਾਚਸ ਦੀ ਡੱਬੀ ਜਿੰਨੀ ਅੱਗ ਤਾਂ ਹਰ ਪ੍ਰਾਣੀ ਹੀ ਆਪਣੇ ਅੰਦਰ ਸਮੋਈ ਬੈਠਾ ਹੈ। ਜਦੋਂ ਪੰਜਾਬ ਦੇ ਅਮਨ-ਚੈਨ ਨੂੰ ਪਾਪੀਆਂ ਨੇ ਘੁਠੀਆਂ ਚਾਲਾਂ ਚੱਲ ਕੇ ਅੱਗ ਲਾਈ। ਨਿੱਘੀਆਂ ਰੁਮਕਦੀਆਂ ਪੌਣਾਂ ਭਰੀਆਂ ਫਿਜ਼ਾਵਾਂ ਵਿਚ ਜ਼ਹਿਰਾਂ ਘੁਲ ਗਈਆਂ। ਚਾਰੇ ਪਾਸੇ ਲਾਸ਼ਾਂ ਦੀ ਸੜਾਂਦ ਭਰੀ ਬੋ ਮਾਰਦੀ ਖਾੜਕੂਵਾਦ ਦੇ ਉਸ ਦੌਰ ਨਾਲ ਸੰਬਧਤ ਲਿਟਰੇਚਰ ਰੱਖਣਾ ਕਾਨੂੰਨਣ ਜੁਰਮ ਘੋਸ਼ਿਤ ਕਰਕੇ ਜੇਲਾਂ ਅੰਦਰ ਸੁੱਟ ਦਿੱਤਾ ਜਾਂਦਾ ਸੀ ਤਾਂ ਉਦੋਂ ਕਈ ਕਿਤਾਬਾਂ, ਟੇਪਾਂ ਅਸੀਂ  ਸਮੇਤ ਪ੍ਰਵਾਰ ਬਹਿ ਕੇ ਪੜ੍ਹਨੀਆਂ-ਸੁਣਨੀਆਂ ਤੇ ਧੱਕੇਸ਼ਾਹੀ ਨਿਜ਼ਾਮ ਵੱਲੋਂ ਪੰਜਾਬ ਤੇ ਹੁੰਦੀਆਂ ਧੱਕੇ-ਸ਼ਾਹੀਆਂ ਸੁਣ ਕੇ ਸਾਡਾ ਖੂਨ ਉਬਾਲੇ ਖਾਣਾ, ਇਸ ਗੱਲ ਦਾ ਅਫ਼ਸੋਸ ਪੈਦਾ ਹੋਣਾ ਕਿ ਕਾਨੂੰਨੀ ਰਾਜ਼ ਵਿਚ ਜੇਕਰ ਬਗਾਵਤ ਕਰਕੇ ਹਥਿਆਰ ਚੁੱਕਣਾ ਅੱਤਿਵਾਦ ਹੈ ਤਾਂ ਉਸ ਬਗਾਵਤ ਨੂੰ ਕੁਚਲਣ ਲਈ ਸਰਕਾਰੀ ਅੱਤਿਵਾਦ ਫੈਲਾਉਣਾ ਕਿੱਥੋਂ ਦੀ ਦਿਆਨਤਾਰੀ ਹੈ। ਇਨਕਲਾਬੀਆਂ ਦੇ ਨਾਮ ਦਾ ਫਾਇਦਾ ਉਠਾ ਕੇ ਮੇਰੇ ਪ੍ਰਵਾਰ ਉੱਤੇ ਵੀ ਅੱਤਿਵਾਦ ਦਾ ਝੂਠਾ ਖੌਫ਼ ਬਣਾਈ ਰੱਖਣ ਵਾਲੇ ਉਹ ਸਾਲ ਦਿਲਾਂ ਤੇ ਆਈ ਤਪਸ਼ ਭਰੀ ਖਰਾਸ਼ ਦੇ ਨਿਸ਼ਾਨ ਮਿਟਣ ਨਹੀਂ ਦਿੰਦੇ। ਮੇਰੀਆਂ ਕੁਝ ਕਵਿਤਾਵਾਂ ਸਮੇਂ ਦੇ ਉਹ ਭਾਂਬੜ ਆਪਣੀ ਹਿੱਕ ਵਿਚ ਸੰਭਾਲੀ ਬੈਠੀਆਂ ਹਨ। ਮੇਰਾ ਇਕ-ਇਕ ਸ਼ਬਦ ਅਧੂਰੇ ਵਲਵਲੇ, ਅਰਮਾਨਾਂ, ਖੁਹਾਇਸ਼ਾਂ, ਸੁਪਨਿਆਂ ਨੂੰ ਪ੍ਰਤੀਬਿੰਬਤ ਕਰਨ ਦੀ ਸ਼ਕਤੀ ਰੱਖਦਾ ਹੈ ਜਾਂ ਨਹੀਂ ਇਹ ਤਾਂ ਪਿਆਰੇ ਪਾਠਕ ਹੀ ਵਧੇਰੇ ਚੰਗੀ ਤਰ੍ਹਾਂ ਦੱਸ ਸਕਦੇ ਹਨ।

ਫਿਰ ਬਚਪਨ ਦੀ ਦਹਿਲੀਜ਼ ਤੇ ਜਦੋਂ ਅਜੇ ਜਵਾਨੀ ਦੀ ਸਵੇਰ ਦੀ ਲੋਅ ਫੁੱਟਣੀ ਸੀ, ਸੁਪਨਿਆਂ ਦੀ ਸੁਨਿਹਰੀ ਧੁੱਪ ਨੂੰ ਕਾਲੇ ਬੱਦਲਾਂ ਦੀਆਂ ਕਾਲੀਆਂ ਛਾਂਵਾਂ ਨੇ ਲੀਲ ਲਿਆ। ਕੁਆਰੇ ਚਾਅ ਸਿਉਂਕ ਲੱਗੀ ਲੱਕੜ ਵਾਂਗ ਅੰਦਰੋਂ-ਅੰਦਰ ਖਰ ਗਏ। ਘਰ ਪਿਛਵਾੜਿਓਂ ਲੱਗੀ ਸੰਨ੍ਹ ਦੀ ਤਰ੍ਹਾਂ ਲੁੱਟਿਆ ਗਿਆ। ਬਚਪਨ ਦੀ ਨਾਦਾਨੀ ਵਿਚੋਂ ਸੂਝ-ਸਮਝ ਦੀ ਪਹਿਲੀ ਚਿਣਗ ਫੁੱਟਣ ਤੱਕ ਗੁੱਸੇ ਅਤੇ ਬਗਾਵਤ ਨੇ ਜਨਮ ਤਾਂ ਲਿਆ ਪਰ ਹਮੇਸ਼ਾਂ ਦੀ ਤਰ੍ਹਾਂ ਉਬਾਲੇ ਖਾ ਕੇ ਆਪਾ ਲੂੰਹਦਾ ਰਿਹਾ। ਚਲੀ ਆਉਂਦੀ ਸਮਾਜ ਦੀ ਰੀਤ ਅਨੁਸਾਰ ਹਰ ਮੁਕਾਮ ਤੇ ਔਰਤ ਦਾ ਹੀ ਦੋਸ਼ ਲੋਕ ਕਚਹਿਰੀ ਵਿਚ ਕਲੰਕਿਤ ਹੁੰਦਾ ਰਿਹਾ। ਮੂੰਹ-ਜ਼ੋਰ ਉਮੰਗਾਂ ਤੇ ਲਾਡਲੀਆਂ ਰੀਝਾਂ ਵਕਤ ਦੇ ਬੇਰਹਿਮ ਥਪੇੜਿਆਂ ਨਾਲ ਲਹੂ-ਲੁਹਾਨ ਹੋ ਜ਼ਾਰ-ਜ਼ਾਰ ਰੋਂਦੀਆਂ ਦਿਲਗੀਰ ਹੁੰਦੀਆਂ ਰਹੀਆਂ। ਜਵਾਨੀ ਦੇ ਸੁਹਾਵਣੇ ਕਲਹਿਰੀ

ਮੋਰ ਦੇ ਪੰਖਾਂ ਥੱਲੇ ਤੋਹਮਤਾਂ, ਅਣਕਿਆਸੇ ਇਲਜ਼ਾਮਾਂ ਵਰਗੇ ਪੈਰ ਦਿਲ ਤੇ ਅੱਜ ਵੀ ਆਰੀਆਂ ਫੇਰਦੇ ਮਹਿਸੂਸ ਹੁੰਦੇ ਹਨ । ਉਮਰ ਦੇ ਚੜ੍ਹਦੇ ਪਹਿਰ ਦਾ ਸੀਆ ਜੇਠ-ਹਾੜ ਦਾ ਤਿੱਖੜ ਦੁਪਿਹਰਾ ਬਣ ਲੂੰ-ਲੂੰ ਸਾੜਦਾ ਰਿਹਾ । ਜ਼ਮਾਨੇ ਦੀਆਂ ਵਧੀਕੀਆਂ ਸਹਿੰਦਿਆਂ ਰੂਹ ਪਥਰਾਉਂਦੀ ਰਹੀ, ਵੈਸੇ ਵੀ ਜਿਹੜਾ ਘਰ ਕੁੜੀਆਂ-ਚਿੜੀਆਂ ਦੀ ਚਹਿਚਹਾਟ ਨਾਲ ਛਣਕਾਟੇ ਬਖੇਰਦਾ ਰਹੇ ਉਥੇ ਸ਼ਿਕਰੇ ਨਹੁੰਦਰਾਂ ਮਾਰਦੇ ਹੀ ਰਹਿੰਦੇ ਹਨ । ਜਵਾਨੀ ਦੀ ਝੁੱਲੀ ਮੂੰਹ-ਜ਼ੋਰ ਹਨ੍ਹੇਰੀ ਥੰਮ੍ਹਣ ਤੋਂ ਬਾਅਦ ਦੀ ਸ਼ਾਂਤੀ ਦੇ ਆਲਮ ਵਿਚ ਜ਼ਖ਼ਮੀ ਜਜ਼ਬਾਤ, ਦੱਬੇ ਵਲ਼ਵਲੇ, ਮਰੀਆਂ ਇੱਛਾਵਾਂ, ਅਧੂਰੇ ਸੁਪਨੇ, ਚੁੱਪੀ ਦੇ ਘੁੱਪ ਹਨ੍ਹੇਰਿਆਂ ਵਿਚ ਬਲਦੇ ਸ਼ਬਦ ਬਣ ਖੌਰੂ ਪਾਉਂਦੇ ਤਾਂ ਨਿੱਜੀ ਡਾਇਰੀਆਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ । ਜਜ਼ਬਾਤਾਂ ਦੀ ਉਲਝਣ ਹੱਥਾਂ ਦੀਆਂ ਲਕੀਰਾਂ ਨੂੰ ਉਲਝਾ ਕੇ ਜ਼ਿੰਦਗੀ ਵਿਚ ਵੀ ਉਥਲ-ਪੁਥਲ ਮਚਾਉਂਦੀ ਰਹੀ । ਪਰ, ਸੰਵੇਦਨਸ਼ੀਲ ਅਤੇ ਭਾਵੁਕ ਸੁਭਾਅ ਹੋਣ ਕਰਕੇ ਜ਼ਿੰਦਗੀ ਹਰ ਮੁਕਾਮ ਤੇ ਟੋਟੇ-ਟੋਟੇ ਹੋ ਬਿਖਰਦੀ ਰਹੀ । ਪਰ, ਮੈਂ ਫਿਰ ਵਾਰ-ਵਾਰ ਆਪਣੀ ਹੀ ਰਾਖ਼ ਵਿਚੋਂ ਕੁਕਨੂਸ ਵਾਂਗੂੰ ਉਗੱ ਪੈਂਦੀ ਰਹੀ ।

ਮੇਰੇ ਵਰਗੇ ਭਾਵੁਕ ਤੇ ਜਜ਼ਬਾਤੀ ਕਿਸਮ ਦੇ ਲੋਕ ਹਜ਼ਾਰਾਂ ਦੀ ਭੀੜ ਵਿਚ ਵੀ ਇਕੱਲੇ ਮਹਿਸੂਸ ਕਰਦੇ ਹਨ । ਪੱਥਰਾਂ ਦੇ ਗੂੰਗੇ-ਬੋਲੇ ਸ਼ਹਿਰ ਵਿਚ ਪਵਿੱਤਰ ਤੇ ਜਜ਼ਬਾਤੀ ਰੂਹਾਂ ਦੇ ਲੱਗਦੇ ਮੇਲੇ ਮੈਂ ਆਪ ਵੇਖਦੀ ਹਾਂ । ਇਹਨਾਂ ਜਜ਼ਬਾਤੀ ਰੂਹਾਂ ਨੂੰ ਰੱਬ ਆਪ ਘੜ੍ਹਦਾ ਹੈ । ਲੇਖਕਾਂ, ਕਵੀਆਂ ਅਤੇ ਆਸ਼ਕਾਂ ਦੀ ਵੱਖਰੀ ਦੁਨੀਆਂ ਆਪਣੇ ਅਹਿਸਾਸਾਂ ਦਾ ਅਦਾਨ-ਪ੍ਰਦਾਨ ਗੀਤਾਂ, ਗਜ਼ਲਾਂ, ਕਵਿਤਾਵਾਂ ਰਾਹੀਂ ਕਰਦੀ ਰਹਿੰਦੀ ਹੈ । ਪੱਲਿਓਂ ਖਰਚ ਕਰਕੇ ਲੇਖਕਾਂ ਤੇ ਕਵੀਆਂ ਦੀ ਭੀੜ ਇਕ ਅਜੀਬ ਜਿਹਾ ਰੂਹਾਨੀ ਸਕੂਨ ਮਹਿਸੂਸ ਕਰਦੀ ਹੈ । ਸ਼ਬਦ ਚਾਨਣ, ਚੰਨ, ਚਿਰਾਗ ਦਾ ਕਿਧਰੇ ਟਿਕਾਣਾ ਨਹੀਂ ਇਹ ਸਾਰੀ ਦੁਨੀਆਂ ਵਿਚ ਫੈਲ ਜਾਣਾ ਚਾਹੁੰਦਾ ਹੈ । ਬਾਬਾ ਨਾਨਕ ਬ੍ਰਹਿਮੰਡ ਦਾ ਸਭ ਤੋਂ ਵੱਡਾ ਸ਼ਾਇਰ ਹੈ ਜਿਸ ਨੇ ਧੁਰ ਕੀ ਬਾਣੀ ਨਾਲ ਮੈਨੂੰ ਵੀ ਸ਼ਬਦ ਦੀ ਚਿੰਣਗ ਲਾਈ ਹੈ । ਅਸੀਂ ਸਾਰੀ ਉਮਰ ਸ਼ਬਦ ਦੀ ਪ੍ਰਕਰਮਾ ਕਰਦੇ ਹਾਂ । ਸ਼ਬਦ ਹੀ ਸਾਡਾ ਪਰਮ ਧਰਮ ਹੈ ।

ਸਪੋਕਸਮੈਨ ਅਖਬਾਰ ਦੀ ਲੇਖਣੀ ਨੇ ਮੇਰੀ ਸ਼ਬਦਾਂ ਨਾਲ ਸਾਂਝ ਨੂੰ ਪੁਨਰ-ਸੁਰਜੀਤ ਕਰਕੇ ਉਪਰਾਮ ਤੇ ਬੇਮਕਸਦ ਜ਼ਿੰਦਗੀ ਵਿਚ ਰੂਹ ਫੂਕ ਦਿੱਤੀ ਹੈ । ਸਪੋਕਸਮੈਨ ਪ੍ਰਤੀ ਪਾਠਕਾਂ ਦਾ ਜਿੰਨਾ ਸਨੇਹ, ਆਪਣਾ-ਪਨ ਤੇ ਲਗਾਓ ਹੈ ਸ਼ਾਇਦ ਹੀ ਕਿਸੇ ਅਖਬਾਰ ਨੂੰ ਏਨਾ ਮਾਣ ਉਹਦੇ ਪੜ੍ਹਨ ਵਾਲਿਆਂ ਵੱਲੋਂ ਮਿਲਦਾ ਹੋਵੇ । ਏਕਸ ਕੇ ਬਾਰਕ ਜਥੇਬੰਦੀ ਦੀ ਮੈਂਬਰ ਬਣਨ ਤੱਕ ਮੈਨੂੰ ਇਹ ਅਹਿਸਾਸ ਨਹੀਂ ਸੀ ਹੋਇਆ ਕਿ ਮੈਂ ਦੁਬਾਰਾ ਲਿਖਣਾ ਸ਼ੁਰੂ ਕਰਾਂ । ਪਰ, 'ਸਟਾਰ ਵਾਇਸ ਆਫ ਇੰਡੀਆਂ' ਦੇ ਵਿਜੇਤਾ ਇਸ਼ਮੀਤ ਸਿੰਘ ਦੀ ਮੌਤ ਦਾ ਏਨਾ ਦੁੱਖ ਹੋਇਆ ਕਿ ਮੇਰੇ ਦਿਲ ਦੇ ਦਰਦ ਦਾ ਹੰਝੂ ਕਲਮ ਦੀ ਅੱਖ ਵਿਚੋਂ ਨਜ਼ਮ ਬਣਕੇ ਡਿੱਗਿਆ ਤਾਂ ਮੈਨੂੰ ਅਹਿਸਾਸ ਹੋਇਆ ਕਿ ਮੈਂ ਹੁਣ ਫਿਰ ਲਿਖ ਸਕਦੀ ਹਾਂ ।

ਮੇਰੀਆਂ ਕਾਵਿਕ ਪੈੜਾਂ ਦੇ ਸਫ਼ਰ ਦੀ ਸ਼ੁਰੂਆਤ ਜ਼ਿੰਦਗੀ ਦੇ ਉਸ ਪੜਾਅ ਤੋਂ ਹੋ ਰਹੀ ਹੈ, ਉਮਰ ਦੇ ਜਿਸ ਪੜਾਅ ਵਿਚ ਪਹੁੰਚ ਕੇ ਭਾਰਤੀ ਔਰਤ ਜ਼ਿੰਦਗੀ ਨੂੰ ਬਿਤਾਉਣ ਦੀ ਹੀ ਗੱਲ ਕਰਦੀ ਹੈ । ਮੈਂ ਅਜੇ ਏਨੀ ਜ਼ਲਦੀ ਕਿਤਾਬ ਛਪਵਾਉਣ ਬਾਰੇ ਸੋਚਿਆ ਤੱਕ ਵੀ ਨਹੀਂ ਸੀ । ਮੈਂ ਸ਼ੁਕਰਗੁਜ਼ਾਰ ਹਾਂ ਉਹਨਾਂ ਕਵਿੱਤਰੀ ਸਾਥਣਾਂ ਦੀ ਜਿਨ੍ਹਾਂ ਸੰਗ ਮੈਂ ਸਾਹਿਤ ਸਭਾਵਾਂ ਵਿਚ ਜਾ ਕੇ ਵਿਚਰਦੀ ਰਹੀ ਹਾਂ । ਤਦ ਮਨ ਦੀ ਅਵਸਥਾ ਭਰੇ ਹੋਏ ਪਿਆਲੇ ਵਰਗੀ ਹੋ ਜਾਂਦੀ ਹੈ । ਖੁਸ਼ੀ ਚ ਖੀਵੀ ਹੋਈ ਉਸ ਸਮੇਂ ਨੂੰ ਘੁੱਟ-ਘੁੱਟ ਕਰਕੇ ਪੀਂਦੀ ਹਾਂ । ਜਵਾਨੀ ਉਮਰੇ ਜਦ ਮੈਂ ਇਹਨਾਂ ਜੁਗਨੂੰਆਂ ਦੀਆਂ ਲੇਖਣੀਆਂ ਦੀ ਸਿਰਫ਼ ਪਾਠਕ ਹੀ ਹੋਇਆ ਕਰਦੀ ਸੀ ਤਾਂ ਇਹ ਪਰੀ ਲੋਕ ਦੇ ਅਣਛੋਹੇ ਬਸ਼ਿੰਦੇ ਜਾਪਦੇ । ਸੁਪਨਿਆਂ ਦੀ ਦੁਨੀਆਂ ਦੇ ਕਿਤਾਬੀ ਕਲਪਿਤ ਪਾਤਰ । ਮੈਂ ਤਹਿਦਿਲੋਂ ਧੰਨਵਾਦੀ ਹਾਂ ਪੰਜਾਬੀ, ਹਿੰਦੀ ਅਤੇ ਉਰਦੂ ਦੇ ਨਾਮਵਾਰ ਉਸਤਾਦ ਗਜ਼ਲਗੋ ਸਰਦਾਰ ਪੰਛੀ ਜੀ ਦੀ ਜੋ ਮੇਰੇ ਜਿਹੀਆਂ ਪਤਾ ਨਹੀਂ ਕਿੰਨੀਆਂ ਹੀ ਮੇਰੀਆਂ ਸਾਥਣਾਂ ਦੇ ਉਸਤਾਦ ਭਾਪਾ ਜੀ ਹਨ । ਜਿਨ੍ਹਾਂ ਦੀ ਨੇਕ ਸਲਾਹ ਸਦਕਾ ਮੈਂ ਆਪਣੀ ਪਹਿਲੀ ਕਿਤਾਬ ਮੇਰੇ ਰੱਬ ਵਰਗੇ ਸੁਹਿਰਦ ਪਾਠਕਾਂ ਦੇ ਸਪੁਰਦ ਕਰ ਰਹੀ ਹਾਂ । ਮੇਰੇ ਭਾਜੀ ਸ. ਥੰਮਣ ਸਿੰਘ ਸੈਣੀ ਜਿਨ੍ਹਾਂ ਦੀ ਮਿਹਨਤ, ਸਾਹਿਤ ਪ੍ਰਤੀ ਲਗਨ ਅਤੇ ਮੇਰੀ ਕਿਤਾਬ ਪ੍ਰਤੀ ਸੇਵਾ-ਸਮਰਪਣ ਦੀ ਭਾਵਨਾ ਨਾਲ ਆਪਣਾ ਕੀਮਤੀ ਟਾਈਮ ਕੱਢ ਕੇ ਕੱਚੇ ਕੱਚ ਜਿਹੀਆਂ ਮੇਰੀਆਂ ਕਵਿਤਾਵਾਂ ਨੂੰ ਤਰਾਸ਼ ਕੇ ਬੇਸ਼ਕੀਮਤੀ ਹੀਰਿਆਂ ਦੇ ਤੁਲ ਕਰਦੇ ਰਹੇ । ਪ੍ਰਕਾਸ਼ਕ ਤਰਲੋਚਨ ਸਿੰਘ ਜੀ, ਮੈਡਮ ਪਰਮਜੀਤ ਪਰਮ, ਅਤੇ ਕਸ਼ਮੀਰ ਕੌਰ ਸੰਧੂ ਜੀ ਦੀ ਤਹਿਦਿਲੋਂ ਧੰਨਵਾਦੀ ਹਾਂ ਜੋ ਮੈਨੂੰ ਹਰ ਮਿਲਣੀ ਤੇ ਜਲਦੀ ਕਿਤਾਬ ਛਪਵਾ ਲੈਣ ਲਈ ਪ੍ਰੇਰਦੇ ਰਹੇ ।

ਮੈਂ ਧੰਨਵਾਦੀ ਹੋਵਾਂਗੀ ਕਿਤਾਬ ਦੇ ਪਾਠਕਾਂ, ਅਲੋਚਕਾਂ ਅਤੇ ਸਮਾਲੋਚਕਾਂ ਦੀ ਜੋ ਮੈਨੂੰ ਆਪਣੇ ਕੀਮਤੀ ਸੁਝਾਅ ਭੇਜਣਗੇ ਜਿਨ੍ਹਾਂ ਨੂੰ ਮੈਂ ਖਿੜੇ ਮੱਥੇ ਕਬੂਲਦੀ ਹੋਈ ਆਪਣੀਆਂ ਅਗਲੀਆਂ ਲਿਖਤਾਂ ਅਤੇ ਕਿਤਾਬਾਂ ਵਿਚ ਹੋਰ ਨਿਖਾਰ

ਲਿਆਉਣ ਦਾ ਯਤਨ ਕਰਾਂਗੀ ।

ਅਮਰਜੀਤ ਕੌਰ ਹਿਰਦੇ

## ਜਨੂੰਨ ਦੀ ਹੱਦ ਤੱਕ ਇਸ਼ਕ

ਪਹਿਲਾਂ ਸਪੋਕਸਮੈਨ ਵਾਲੀ ਸੋਚ ਦੀ ਧਾਰਕ ਬਣੀ,
ਸੱਚੇ ਮਨੋਂ, ਤਨੋਂ, ਧਨੋਂ ਏਕਸ ਦੀ ਬਾਰਕ ਬਣੀ ।

ਸਵਾਰਥੀ ਰਿਸ਼ਤਿਆਂ ਤੋਂ ਮੋਹ ਜ਼ਰਾ ਭੰਗ ਕਰਕੇ,
ਲੋਕਾਚਾਰੀ ਹਜੂਮ ਵੱਲੋਂ ਕਾਫ਼ੀਆ ਤੰਗ ਕਰਕੇ ।

ਜਨੂੰਨ ਦੀ ਹੱਦ ਤੱਕ, ਦਿਲੋਂ ਕੀਤਾ ਪਿਆਰ ਸੀ,
ਰਮਜ਼ੇ-ਇਸ਼ਕ ਵਿਚ ਸੇਵਾ ਦਾ ਵੀ ਇਕਰਾਰ ਸੀ ।

ਮੀਟਿੰਗਾਂ ਚ ਬਹਿ ਕੇ ਸੁਣਨੀਆਂ ਤਕਰੀਰਾਂ ਜੀ,
ਠਾਠਾਂ ਮਾਰਦਾ ਏ ਜੋਸ਼ ਸੀਨਿਆਂ ਚ ਵੀਰਾਂ ਜੀ ।

ਬੈਠਦੀ ਏ ਸੰਗਤ ਜਿਵੇਂ ਨਾਨਕ ਦਰਬਾਰ ਬੈਠਦੀ,
ਕਰਦੀ ਸਤਿਸੰਗ ਸਾਹਮਣੇ ਹੋ ਪਹਿਰੇਦਾਰ ਬੈਠਦੀ ।

ਇਹਦੀ ਲੇਖਣੀ ਜਗਾਉਂਦੀ ਕਲਮਾਂ ਦੀ ਸੁੱਤੀ ਲੋਰ ਜੀ,
ਬੇਕਾਬੂ ਹੜ੍ਹਾਂ ਜਿਹਾ ਵੇਗ ਇਹਦੇ ਵਿਚ ਜ਼ੋਰ ਜੀ ।

ਜੋਗਿੰਦਰ ਸਿੰਘ ਜੀ ਦੁਖੀ ਮਨੋਂ ਅਰਜ਼ ਗੁਜ਼ਾਰਾਂ ਮੈਂ,
ਤੜਪਦਾ ਏ ਸੀਨਾ ਤਾਹੀਓਂ ਮੰਗਾਂ ਦੁਆਰਾਂ ਮੈਂ ।

ਕਲਮ ਨਿਮਾਣੀ ਪੁਨਰ-ਸੁਰਜੀਤ ਕੀਤੀ ਅਖਬਾਰ ਨੇ
ਜਗ੍ਹਾ ਚਰਨਾਂ ਚੋ ਦੇਵੇ ਤਾਂ ਹੋਵੇ ਨਾ ਖੁਆਰ ਏਹ ।

## *ਕੁਦਰਤ ਦਾ ਕਹਿਰ*

ਕਈ ਰਿਸ਼ਤੇ ਰੂਹਾਂ ਦੀ ਬੇੜੀ
ਸੜ-ਸੁੱਕ ਜਾਂਦੇ
ਬਿਨ ਪਾਣੀਆਂ, ਬਿਨ ਹਾਣੀਆਂ
ਉਲਫ਼ ਤੱਕ ਰੋਂਦੀਆਂ ਜਿੰਦਾਂ ਨਿਮਾਣੀਆਂ ।

ਕਈ ਉਗਦੇ ਸਮਿਆਂ ਦੇ ਤਰੇੜੀਂ,
ਛਾਂਵਾਂ ਉਹਨਾਂ ਦੀਆਂ
ਕਦ ਕਿਸ ਮਾਣੀਆਂ,

ਆਉਂਦੀਆਂ ਨੇ ਯਾਦਾਂ ਵੱਢ-ਵੱਢ ਖਾਣੀਆਂ ।

ਕਈ ਰਿਸ਼ਤੇ ਪੈਰਾਂ ਦੀ ਭਟਕਣ
ਰਾਹ-ਖਹਿੜੇ ਖੋ ਜਾਂਦੇ
ਢੂੰਢ-ਢੂੰਢ ਕੁਰਲਾਣੀਆਂ, ਮਰ ਜਾਣੀਆਂ
ਉਲਝਣਾਂ ਹੋ ਗਈਆਂ ਔਖੀਆਂ ਸੁਲਝਾਣੀਆਂ ।

ਕਈ ਰਿਸ਼ਤੇ ਉਮਰਾਂ ਦਾ ਕੱਜਣ
ਸਾਲੂ ਰੰਗ-ਬਿਰੰਗੇ
ਸੋਭਾ ਢਾਣੀਆਂ, ਨਾ ਜੱਗ ਹਸਾਣੀਆਂ,
ਤਿੱਖੜ-ਦੁਪਹਿਰਾਂ ਸਿਰ ਤੇ ਛੰਨਾਂ ਤਾਣੀਆਂ ।

ਕਈ ਰਿਸ਼ਤੇ ਰੂਹਾਂ ਦੀ ਪਿਆਸ ਏ
ਵਾਂਗ ਫੁੱਲਾਂ ਮੁਸਕਾਉਂਦੇ
ਬਿਨ ਵਸਲਾਂ ਕਾਲ ਵਿਡਾਣੀਆਂ
ਦੀਦ-ਦਰਸ ਬਿਨ ਰੂਹਾਂ ਕੁਰਲਾਣੀਆਂ ।

ਕਈ ਰਿਸ਼ਤੇ ਤਾਂ ਬੋਝ ਦਿਲਾਂ ਤੇ
ਢੋਲ੍ਹ ਗਲੀਂ ਪਏ ਖੜਕਣ
ਰੀਝਾਂ ਕੁਰਬਾਣੀਆਂ, ਕੀਮਤਾਂ ਕਿਸ ਜਾਣੀਆਂ,
ਵਖਤਾਂ ਵਿਚ ਪਈਆਂ ਜਿੰਦਾਂ ਕੁਮਲਮਾਣੀਆਂ ।

ਕਈ ਜਾਪਣ ਰੂਹਾਂ ਦੀ ਖੁਸ਼ਬੂ
ਫੁੱਲ ਸੁੱਕਿਆਂ ਸੜ ਜਾਂਦੇ
ਹੌਕਿਆਂ ਥਾਈਂ ਖੁਰ ਜਾਣੀਆਂ
ਧੀਆਂ-ਪੁੱਤਾਂ ਬਿਨ ਮਾਵਾਂ ਮਰ-ਮਰ ਜਾਣੀਆਂ ।

ਕੱਚੇ ਘੜਿਆਂ ਜਿਹੇ ਕੱਚੇ ਨੇ ਕਈ
ਧਾਰ ਝਨਾਂ ਦੀ ਸਹਿ ਨਾ ਸਕਦੇ
ਕੱਚਿਆਂ ਥੀਂ ਡੁੱਬ ਜਾਣੀਆਂ
ਕੱਚਿਆਂ ਦੇ ਨਾਲ ਲਾ ਕੇ ਜਾਨ ਗਵਾਣੀਆਂ ।

ਕਈ ਰਿਸ਼ਤੇ ਤਾਂ ਚੇਤ ਅਚੇਤੀਂ
ਸੁੱਤਿਆਂ ਹੀ ਮਰ ਜਾਂਦੇ
ਆਈਆਂ ਜਾਗਾਂ ਡੋਬੂ ਪਾਣੀਆਂ
ਹਿਰਦੇ ਬਾਲ ਕੇ ਥਲੀਂ ਤਪਾਣੀਆਂ ।

## *ਸਾਂਝਾ ਦੁੱਖੜਾ*

ਜ਼ਿੰਦਰਗੀ ਹੋਈ ਪਾਰਾ-ਪਾਰਾ
ਅੱਖੀਆਂ ਦੀ ਉਹ ਨਿਰਮਲ ਧਾਰਾ
ਕਾਗਜ਼ਾਂ ਦੀ ਹਿੱਕ ਤੇ ਵਿਛਾਵਾਂ ।

ਜ਼ਿੰਦਰਗੀ ਦੇ ਰੋੜਾਂ ਦੇ ਦੁੱਖ ਦਾ
ਜ਼ਿੰਦਰਗੀ ਵਿਚ ਮਾਂਵਾਂ ਦੇ ਸੁੱਖ ਦਾ
ਗੀਤ ਮੈਂ ਲੋਕਾਂ ਤਾਂਈਂ ਸੁਣਾਵਾਂ ।

ਸੁਰਖ਼-ਦੰਦਾਸਿਆਂ ਦੀ ਉਸ ਰੁੱਤੇ
ਸਿੱਕਰੀ ਮਾਰੇ ਬੁੱਲ੍ਹਾਂ ਉੱਤੇ
ਖਾਰੇ ਹੰਝੂਆਂ ਦੀਆਂ ਗਥਾਵਾਂ ।

ਸੁਰਮਈ ਅੱਖੀਆਂ ਦੇ ਉਜਾਲੇ
ਚਿੱਟੇ ਦਿਨ ਵੀ ਬਣ ਗਏ ਕਾਲੇ
ਸੋਗੀ ਹੋਈਆਂ ਸਭ ਹਵਾਵਾਂ ।

ਮਾਂ ਦੇ ਸੰਗ ਮੈਂ ਅਉਧ ਹੰਢਾ ਕੇ
ਉਸਦੀ ਨੀਝ 'ਚ ਨੀਝ ਰਲਾ ਕੇ
ਜ਼ਿੰਦਗੀ ਦਾ ਲੱਭਾਂ ਸਿਰਨਾਂਵਾਂ ।

ਹੱਢੀਂ ਬੀਤੀਆਂ ਉਸਨੇ ਕਹੀਆਂ
ਉਹ ਗੱਲਾਂ ਮੇਰੇ ਸੀਨੇ ਬਹੀਆਂ
ਕਿੱਦਾਂ ਮਾਂ ਦਾ ਦੁੱਖ ਵੰਡਾਵਾਂ ।

ਜਿੱਥੇ ਮਾਂ ਦਿਲਗੀਰ ਸੀ ਹੋਈ
ਚਾਨਣੀ ਲੀਰੋ-ਲੀਰ ਸੀ ਹੋਈ
ਉਸ ਵੇਲੇ ਦੇ ਹੌਂਕੇ-ਹਾਵਾਂ ।

ਮੇਰੀਆਂ ਪੜ੍ਹੀਆਂ ਉਸ ਬਿਨ ਕਹੀਆਂ
ਦਿਲ ਉਹਦੇ ਤੇ ਛਮਕਾਂ ਪਈਆਂ
ਮੈਂ ਨਾ ਦਿਲ ਦੀ ਥਾਹ ਪੁਆਵਾਂ ।

ਪਹਿਲੀ ਧੀ ਦਾ ਹਿਜ਼ਰ ਹੰਢਾ ਕੇ
ਦੂਜੀ ਦਾ ਹਰ ਦਰਦ ਵੰਡਾ ਕੇ
ਰੌਸ਼ਨ ਕੀਤੀਆਂ ਉਸਨੇ ਰਾਹਵਾਂ ।

ਇਕ ਕਲੀ ਟਹਿਕੀ ਮੁਰਝਾਈ
ਫੁੱਲਾਂ ਦੇ ਸੰਗ ਨਿਭ ਨਾ ਪਾਈ
ਕੌਣ ਕਰੇ ਸਿਰ ਉਤੇ ਛਾਂਵਾਂ ।

ਔਲਾਦ ਨਾ ਹੋਵੇ ਮਾਂ-ਵਿਹੂਣੀ
ਸੇਰ ਵਿਚੋਂ ਨਾ ਕੱਤੀ ਪੂਣੀ
ਟੁੱਕਰ ਖੋਹ ਲਏ ਹੱਥੋਂ ਕਾਂਵਾਂ ।

ਬਿਨ ਆਂਦਰ ਹਰ ਸਾਂਝ ਨਿਗੂਣੀ
ਊਣੀ-ਝੂਣੀ, ਅਕਸ-ਵਿਹੂਣੀ

ਥੋਰ੍ਹਾਂ ਦੀਆਂ ਮਾਣਾਂ ਕਿੰਞ ਛਾਂਵਾਂ ।

ਧੀਆਂ ਦਾ ਦੁੱਖ ਢਿੱਡ 'ਚ ਪਾ ਕੇ
ਜੀਵਨ ਥੋੜਾਂ ਸੰਗ ਨਿਭਾ ਕੇ
ਸਿਰ ਤੇ ਲਈਆਂ ਸੱਭ ਬਲਾਵਾਂ ।

ਪੁੱਤਾਂ ਦਾ ਦੁੱਖ ਮਾਂ-ਬਾਪ ਨਾ ਜ਼ਰਦੇ,
ਨੂੰਹਾਂ ਦੇ ਹਰ ਦੁੱਖ ਚ ਖਰਦੇ,
ਹਿਰਦੇ ਠੰਢੀਆਂ ਆਉਣ ਹਵਾਵਾਂ ।

–

## *ਸੁਪਨਿਆਂ ਦੇ ਪੈਰ*

ਜਿੰਦੂ ਦੇ ਤ੍ਰਿਹਾਏ ਸੁਪਨੇ,
ਰਾਤ-ਬਰਾਤੀਂ ਉਠ-ਉਠ ਜਾਂਦੇ ।
ਪੁਲ, ਨਹਿਰਾਂ, ਖੂਹ, ਜੰਗਲ, ਬੇਲੇ
ਦਰ-ਦਰ ਭਟਕਣ ਠੋਕਰਾਂ ਖਾਂਦੇ ।

ਭੌਰੀਆਂ ਉੱਗੇ ਪੈਰ ਵੀ ਮੇਰੇ,
ਮੰਜ਼ਿਲ ਖਾਤਿਰ ਭਟਕੀ ਜਾਵਣ ।
ਖੁਰਦੇ ਹੋਏ ਕਿਨਾਰਿਆਂ ਉੱਤੇ

ਆਪ-ਮੁਹਾਰੇ ਮਟਕੀ ਜਾਵਣ ।

ਇਹ ਤਾਂ ਵਗਦੇ ਪਾਣੀਆਂ ਉੱਤੇ,
ਚੇਤਿਆਂ ਦੇ ਨੇ ਧਾਗੇ ਉਣਦੇ ।
ਧਾਗਿਆਂ ਤੋਂ ਜਦ ਬਣਦੇ ਅੱਟਣ,
ਫਿਰ ਬਚਪਨ ਦੇ ਸੁਪਨੇ ਬੁਣਦੇ ।

ਕਿਲ੍ਹੇ ਪੁਰਾਣੇ, ਥੇਹ, ਖੰਡਰਾਂ ਦੀ,
ਉਲਝਣ ਦੇ ਵਿਚ ਉਲਝੇ ।
ਨੱਸਣ-ਭੱਜਣ, ਕੰਧਾਂ ਟੱਪਣ,
ਪਰ ਰਸਤਾ ਨਾ ਸੁਲਝੇ ।

ਹਰ ਦਰਵਾਜੇ ਅੱਗੇ ਤਾਲਾ,
ਹਰ ਰਸਤੇ ਤੇ ਪਹਿਰਾ ।
ਨਦੀਆਂ ਦਾ ਇਕ ਝੁਰਮਟ ਪੈਂਦਾ,
ਸਾਗਰ ਗਹਿਰਾ ਗਹਿਰਾ ।

ਬਿਨ ਮੰਜ਼ਿਲ ਜ਼ਿੰਦਗੀ ਦੇ ਰਾਹੀ,
ਉਮਰਾਂ ਲੰਮਾਂ ਪੈਂਡਾ ਨਾਪਣ ।
ਕਦੇ ਇਹ ਜਾਪਣ ਵਾ-ਵਰੋਲੇ,
ਕਦੇ ਇਹ ਝੱਖੜ ਜਾਪਣ ।

ਬਚਪਨ ਖੇਡਾਂ ਦੀ ਵਲਗਣ ਵਿਚ,
ਜਦ ਸੁਪਨੇ ਆ ਫੱਸਣ ।
ਫਿਰ ਮਨ ਵਿਚ ਦੁਚਿੱਤੀ ਆਵੇ,
ਕਦੇ ਰੋਣ ਕਦੇ ਹੱਸਣ ।

ਮੈਂ ਸੁਪਨਿਆਂ ਦੇ ਪੈਰੀਂ ਜਦ ਵੀ,
ਆਪ ਝਾਂਜਰਾਂ ਪਾਈਆਂ ।
ਮੇਰੀ ਰੂਹ ਦਾ ਆਪਾ ਕੰਬਿਆ,
ਪਾਉਂਦੀ ਰਹੀ ਦੁਹਾਈਆਂ ।

ਇਕ ਅਰਸੇ ਤੋਂ ਮਨ ਦਾ ਪੰਛੀ,
ਉਡਜੂੰ-ਉਡਜੂੰ ਕਰਦਾ ।
ਲੇਕਿਨ ਹਰ ਇਕ ਸੁਪਨਾ ਮੇਰਾ,
ਆਪਣੀ ਮੌਤੇ ਮਰਦਾ ।

ਲਾਪ੍ਰਵਾਹ ਉਹ ਪਲ ਜ਼ਿੰਦਗੀ ਦੇ,
ਮੁੜ ਕੇ ਫੇਰ ਨਾ ਲੱਭਣ ।
ਫਿਕਰਾਂ ਮਾਰੇ ਟੁੱਟੇ ਸੁਪਨੇ,
ਮੁੜ-ਮੁੜ ਪਿੱਛੇ ਭੱਜਣ ।

## ਜੁਗਨੂੰ ਤੇ ਮੈਂ

ਤਲੀਆਂ ਤੇ ਜੁਗਨੂੰ ਜਲਾ
ਹਨ੍ਹੇਰਿਆਂ ਦੇ ਵਿਚ ਭੱਜਦੀ
ਊੱਖੜੇ-ਬਿੱਖੜੇ ਪੈਂਡਿਆਂ ਤੇ
ਠੋਕਰਾਂ ਖਾ-ਖਾ ਕੇ
ਪੀੜਾਂ ਪੱਲੇ ਬੰਨ੍ਹਦੀ
ਹਾਰ-ਹੰਭ ਜਾਂਦੀ ।

ਭਟਕਣਾਂ ਵਿਚ ਭਟਕਦਾ

ਜੁਗਨੂੰ ਤਲੀਆਂ ਬਦਲਦਾ
ਵੰਨ-ਸੁਵੰਨੇ ਜਿਸਮਾਂ ਦੀ
ਗੰਧ ਨਾਲ ਘੁਲਦਾ
ਗੰਧ ਦਹਲੀਜ਼ ਤੇ ਆ ਧੁੱਖਦੀ
ਆਸ਼ੀਆਨਾ ਜਲਾਂਦੀ ।

ਮਖ਼ਮਲੀ ਸੁਖਨ-ਸੇਜਾਂ ਜਲਾ
ਜ਼ਹਿਰੀਲਾ ਧੂੰਆਂ ਛੱਡਦੀ
ਯਖ਼ ਚਾਨਣੀ ਰਾਤ ਸੜਦੀ-ਭੁੱਜਦੀ
ਮਾਰੂਥਲ ਬਣ ਤੱਪਦੀ
ਕੁਰਲਾਹਟਾਂ ਮਚਾਂਦੀ ।

ਸੂਰਜ ਦੀ ਲਾਲੀ ਦੱਗਦੀ
ਰੋਮ-ਰੋਮ ਲੂਹ ਜਾਂਦੀ
ਬਣ ਕੇ ਅਹਿੱਲ ਮੂਰਤ
ਤਨ ਤੇ ਮਾਰਾਂ ਖਾਂਦੀ
ਜ਼ਹਿਰ ਵਿੰਨ੍ਹੇ ਤੀਰ ਖਾ ਕੇ
ਰੂਹ ਜ਼ਖ਼ਮੀ ਹੋ ਜਾਂਦੀ ।

*ਗੁੱਸੇ ਦੀ ਤੌੜੀ ਕੜ੍ਹ ਕੇ*
*ਆਪਣੇ ਹੀ ਕੰਢੇ ਲੂੰਹਦੀ*
*ਕਠਪੁਤਲੀ ਵਾਂਗੂੰ ਨੱਚਦੀ*
*ਇਸ਼ਾਰਿਆਂ ਤੇ ਚਲਦੀ*
*ਸੀ ਬਿੱਖੜੇ ਪੈਂਡਿਆਂ ਦੀ ਹਾਨਣ*
*ਥਾ...ਥਾ...ਥਈਆ ਕਰ ਜਾਂਦੀ ।*

*ਹੋਂਦ ਉਹਦੀ ਗੁੱਸਾ ਲਾਹ ਕੇ*
*ਸਿਰ ਛਤਰ-ਛਾਇਆ ਬਣ ਜਾਂਦੀ*
*ਦੁੱਖ ਵਿਚ ਸੁੱਖ ਮਨਾਂਦੀ*
*ਉੱਧਲ ਹੋਣ ਦੀ ਤਾਹਨਾਕਸ਼ੀ*
*ਸਹਿ ਨਾ ਹੁੰਦੀ ਛੁੱਟੜ ਅਖਵਾਉਣ ਦੀ*
*ਧੁੱਪ ਚਿਲ-ਚਿਲਾਂਦੀ ।*

*ਘੁੱਪ-ਹਨ੍ਹੇਰਿਆਂ ਦੀ ਕੁੱਖ ਵਿਚ*
*ਕਿਰਨਾਂ ਦਾ ਬੀਜ਼ ਮੈਂ ਪਾਂਦੀ*
*ਹੱਥ ਵਿਚ ਤਸਬੀ ਫੜ੍ਹਕੇ*
*ਚਾਨਣ ਜੂਨ ਹੰਢਾਂਦੀ*

ਮੱਸਿਆਂ ਦੀ ਰਾਤ ਵਿਚ
ਪੁੰਨਿਆਂ ਬਣ ਜਾਂਦੀ ।

ਭੁੱਖ ਚਾਨਣੀ ਦੀ ਲਗਦੀ
ਸ਼ਬਦਾਂ ਦੇ ਦੋ ਘੁੱਟ ਭਰ ਕੇ
ਰੂਹ ਦੀ ਤ੍ਰਿਪਤੀ ਖਾਤਿਰ
ਮਨ ਵਿਚ ਨਿਸ਼ਠਾ ਧਰਦੀ
ਹਿਰਦੇ ਦੀ ਅੱਗ ਬੁਰਕਣ ਲਈ
ਅੰਮ੍ਰਿਤ ਰਿਸ਼ਮਾਂ ਪੀ ਜਾਂਦੀ ।

ਤਦਬੀਰਾਂ ਦੇ ਤੋੜ ਕੇ ਚੱਪੂ
ਡੋਲੇ ਜ਼ਿੰਦਗੀ ਦੇ ਬੇੜੇ
ਵਹਿੰਦੇ ਪਾਣੀਆਂ ਤੇ ਪਾਂਦੀ
ਤਕਦੀਰਾਂ ਨੂੰ ਸਿਰ ਝੁਕਾਂਦੀ
ਹੁਣ ਥੱਕੀ-ਹਾਰੀ ਮੈਂ ਤਾਂ
ਅਕਲਾਂ ਦੇ ਘੋੜ ਦੁੜਾਂਦੀ ।

ਬੱਚੜੇ ਦੀ ਗੋਦੀ ਸਿਰ ਧਰਕੇ
ਥਕਾਨ ਲਾਹ ਲੈਂਦੀ ਉਮਰਾਂ ਦੀ
ਸੁੱਖਾਂ ਉਸੇ ਦੀਆਂ ਮੈਂ ਮੰਗਦੀ
ਖੈਰਾਂ ਉਸੇ ਦੀਆਂ ਮਨਾਂਦੀ
ਮੈਂ ਨੂੰ ਮੈਂ ਵਿਚੋਂ ਮਾਰ
ਖੁਦ ਮਮਤਾ ਵਿਚ ਮਰ ਜਾਂਦੀ ।

ਡੂੰਘੇ ਦਿਲਾਂ ਦੇ ਸਮੁੰਦਰ
ਦਰਦਾਂ ਦੀ ਥਾਹ ਨਾ ਪੈਂਦੀ
ਸੁੱਕੇ ਨੈਣਾਂ ਵਾਲੇ ਕੋਏ
ਵਿਚੋਂ ਮੋਹ ਜਲ-ਧਾਰਾ ਵਹਿੰਦੀ
ਗੋਦ ਪੁਆਏ ਬਾਲ ਦੇ ਮੈਂ
ਸਾਹੀਂ-ਸਾਹ ਜੀਅ ਜਾਂਦੀ ।

ਜਜ਼ਬਾਤਾਂ ਦੇ ਟੁੱਕਰ ਖਾ ਕੇ
ਕੂਲੀ ਰੂਹ ਤੇ ਜ਼ਖਮ ਹੰਢਾ ਕੇ
ਮਜ਼ਬੂਰੀ ਦੇ ਵਿਚ ਮਰਦੀ
ਮੈਂ ਰੂਪ, ਰੂਪ ਬਸ ਕਰਦੀ
ਪ੍ਰੇਮ-ਵਿਹੂੰਨੇ ਬਾਲ ਨੂੰ
ਜ਼ਿੰਦਗੀ ਦੀ ਜਾਗ ਲਗਾਂਦੀ ।

ਜੁਗਨੂੰ ਦਾ ਪੱਥਰ ਹਿਰਦਾ
ਰਹੇ ਕਾਲ-ਚੱਕਰ ਵਿਚ ਖੁਰਦਾ

*ਮਮਤਾ ਨੂੰ ਢਾਲ ਬਣਾ ਕੇ*
*ਮੇਰੀਆਂ ਸੱਧਰਾਂ ਨੂੰ ਤੜਫਾ ਕੇ*
*ਦਿਲ-ਦਰਵਾਜੇ ਖੌਰੂ ਪਾਉਂਦਾ*
*ਰੀਝਾਂ ਦਾ ਖ਼ੂਨ ਵਹਾ ਜਾਂਦੀ ।*

*ਰੱਤ ਵਿਚ ਭਿੱਜੀ ਮਾਂ ਦੀ ਮਮਤਾ*
*ਸੀ ਹੁੰਦੀ ਰੋਜ਼ ਚੋਰੀ*
*ਧੀਆਂ-ਪੁੱਤਰ ਹੁੰਦੇ ਮਾਂ ਦੀ ਕਮਜ਼ੋਰੀ*
*ਮੋਹ ਤੰਦਾਂ ਦੀ ਤਾਣੀ*
*ਪੈਰੀਂ ਬੇੜੀਆਂ ਬਣ ਜਾਂਦੀ ।*

*ਪੱਥਰ ਅਹੰ ਵਿਚ ਗੱਡੇ*
*ਦੰਭ ਸੋਚ ਵਿਚ ਬੀਜ਼*
*ਸਾੜੇ-ਕੀਨਿਆਂ ਚ ਲੱਥੇ*
*ਤੇਹ ਕੂਲ ਮਾਰ ਬਹਿੰਦੇ*
*ਅਕਲੋਂ ਬੁੱਝਦੇ ਕਦੀ ਨਾ*
*ਰੂਹ ਛਿੱਜ-ਛਿੱਜ ਜਾਂਦੀ ।*

*ਹੌਂਕਾ ਸਬਰਾਂ ਦਾ ਲੈ ਕੇ*
*ਪੀ ਕੇ ਵੇਦਨਾ ਦਾ ਪਾਣੀ*
*ਤਪਦੀ ਮਿੱਟੀ ਜਨਮਾਂ ਤੋਂ*
*ਮੋਮਬੱਤੀਆਂ ਦੇ ਵਾਂਗੂੰ*
*ਲੌਅ ਨੂੰ ਅੰਗ ਲਗਾ ਕੇ*
*ਪਈ ਆਪਣਾ-ਆਪ ਜਲਾਂਦੀ ।*

## ਜ਼ਿੰਦਗੀ

**ਜਿੰਦਗੀ ਦੇ ਹਸਤਾਖਰ ਕਹਿੰਦੇ,**
**ਜਿੰਦਗੀ ਦੀਆਂ ਦਕ਼ਾਂਵਾਂ ਸਹਿੰਦੇ,**
**ਕੁੱਝ ਥੱਕ ਗਏ,**
**ਕੁੱਝ ਅੱਕ ਗਏ,**
**ਆਖਰੀ ਪਹਿਰੇ ਸੁੱਕ ਗਏ।**
**ਬੇ-ਪਛਾਣੇ ਮੁੱਕ ਗਏ।**

**ਚੜਦੇ ਸੂਰਜ ਤਾਂਈ ਸਲਾਮਾਂ ਕਹਿੰਦੇ,**
**ਹਾਜ਼ਰੀ ਭਰਦੇ ਉਠਦੇ ਬਹਿੰਦੇ,**

ਜਦ ਛਿਪ ਗਏ,
ਹੋ ਬੇਮੁੱਖ ਗਏ,
ਦੌਲਤਾਂ ਸਾਂਹਵੇ ਵਿਕ ਗਏ,
ਤੂਖ਼ਾਨਾਂ ਸਾਂਹਵੇ ਵਿਛ ਗਏ।

ਜ਼ਿੰਦਗ਼ੀ ਸਰਦ ਹੌਂਕਾ ਕਹਿੰਦੇ,
ਜ਼ਿੰਦਗ਼ੀ ਜ਼ਰਦ ਚੇਹਰਾ ਕਹਿੰਦੇ,
ਹੱਢਾਂ ਵਿਚ ਲਹਿ ਗਏ,
ਜੋੜਾਂ ਵਿਚ ਬਹਿ ਗਏ,
ਦਰਦਾਂ ਨੂੰ ਸਹਿ  ਗਏ,
ਹੌਂਕਿਆਂ ਸੰਗ ਬਹਿ ਗਏ।

ਜ਼ਿੰਦਗੀ ਨਾਮ ਕਖ਼ਾਇਤਾਂ ਦਾ ਕਹਿੰਦੇ,
ਜ਼ਿੰਦਗੀ ਨਾਮ ਸ਼ਿਕਾਇਤਾਂ ਦਾ ਕਹਿੰਦੇ,
ਲੋੜਾਂ ਵਿਚ ਖਪ ਗਏ।
ਥੋੜਾਂ ਸੰਗ ਕਟ ਗਏ।
ਕੁੱਝ ਹੱਕ ਗਏ।
ਦੜ ਵੱਟ ਗਏ।

## *ਚਿੰਤਨ ਦੀ ਕੁੱਖ*

ਮੈਂ ਚਿੰਤਨ ਦੀ ਕੁੱਖ ਵਿਚ ਪਾਇਆ
ਚੇਤਨਾ ਦੀ ਆਸ ਦਾ ਨਿਰਮਲ ਜਿਹਾ ਪਾਣੀ
ਉਸ ਪਾਣੀ ‘ਚੋਂ ਨਿੰਮਿਆਂ ਸੀ ਬਿੰਦ ਇਕ
ਉਸ ਬਿੰਦ ਵਿੱਚੋਂ ਵਿਗਸਿਆ ਸੀ ਫ਼ੁੱਲ ਇਕ
ਉਹ ਫ਼ੁੱਲ ਵਿਹੜੇ ਮਹਿਕਦਾ ਸੀ ਦੱਸ ਰਿਹਾ
ਆਪਣੇ ਬਾਲਪਨ ਦੀ ਦਿਲਚਸਪ ਕਹਾਣੀ।
ਲਗਦਾ ਕਦੇ ਤਾਂ ਅਕਸ ਉਸ ਫ਼ੁੱਲ ਦਾ
ਮੇਰੇ ਅੰਦਰ ਹੀ ਲਹਿ ਜਾਂਦਾ
ਕਦੇ-ਕਦੇ ਤਾਂ ਫ਼ੁੱਲ ਉਹ
ਕਮਰੇ ਦੀ ਦੀਵਾਰ ਤੇ ਲੱਗੇ
ਪੋਸਟਰ ਦੇ ਨਾਲ ਮੇਲ ਸੀ ਖਾਂਦਾ।

ਇਹ ਸੀ ਮੇਰੀ ਕਾਮਨਾ ਦੀ ਇਕ ਸਿਖ਼ਰ
ਇਹ ਸੀ ਇੱਛਾ-ਪੂਰਤੀ ਲਈ ਸਾਧਨਾ
ਜਾਂ ਫਿਰ ਆਸ ਦੀ ਕੁੱਖ ਵਿਚ
ਧੜਕਦੀ ਹੋਈ ਖ਼ੂਬਸੂਰਤ ਜ਼ਿੰਦਗੀ।
ਮੇਰੇ ਸਾਹੀਂ ਧੜਕਦਾ ਸੀ
ਉਸ ਖ਼ੁੱਲ ਦਾ ਹਰ ਸਾਹ
ਮੇਰੀਆਂ ਸੋਚਾਂ ਦੇ ਵਿਚ ਆਵੇ
ਉਸ ਖ਼ੁੱਲ ਲਈ ਹਰ ਚਾਅ
ਕਿਉਂਕਿ ਮੇਰੀ ਵੇਦਨਾ ਦੇ ਰਕਤ ਵਿਚ
ਕਿਉਂਕਿ ਕਿ ਮੇਰੀ ਸੋਚ ਦੀ ਹਰ ਰੀਝ ਵਿਚ
ਉਹ ਖ਼ੁੱਲ ਮੈਨੂੰ ਸਦਾ ਲਈ ਪ੍ਰਵਾਨ ਸੀ।
ਮਖ਼ਮਲੀ ਜਿਹੀ ਕੋਸੀ-ਕੋਸੀ ਧੁੱਪ ਜਿਹਾ
ਚਾਨਣ-ਚਾਨਣ ਹੋਇਆ ਹਰ ਇਕ ਦਿਹੁੰ ਮੇਰਾ
ਤੱਪਦੇ ਰੇਗਿਸਤਾਨ ਲਈ ਜਿਉਂ ਬੱਦਲੀ  ਕੋਈ
ਜਾਂ ਦੋ ਕੱਪ ਮਿੱਟੀ ਬੰਨੇ ਲਈ ਵਰਦਾਨ ਸੀ।
ਮੇਰੀ ਗੋਦੀ ਡਿੱਗਿਆ ਸੀ ਜੋ ਇਕ ਫੁੱਲ
ਦੂਣ-ਸਵਾਇਆ ਰੂਪ ਮੇਰਾ ਪੈਂਦਾ ਸੀ ਡੁਲ੍ਹ-ਡੁੱਲ੍ਹ
ਬਿਨ ਫੁੱਲਾਂ ਦੇ ਬੂਟਾ ਜੋ ਕੁਮਲਾਅ ਗਿਆ
ਉਸ ਬੂਟੇ ਦੀ ਦੂਣੀ-ਚੌਣੀ ਸ਼ਾਨ ਸੀ ,
ਜਾਪੇ ਜਿਉਂ ਕੋਈ ਫੁੱਲਾਂ ਭਰੀ ਬਾਗਾਨ ਸੀ।
ਉਹ ਫੁੱਲ ਮੈਨੂੰ ਜਾਪਦਾ ਸੀ
ਮੇਰਾ ਮੁਰਲੀ ਵਾਲਾ ਕ੍ਰਿਸ਼ਨ ਘਨ੍ਹਈਆ
ਮੈਂ ਉਸ ਨਾਜ਼ੁਕ ਖ਼ੁੱਲ ਦੀ
ਬਣ ਗਈ ਸਾਂ ਫੇਰ ਯਸ਼ੋਦਾ ਮਈਆ
ਉਸ ਕਾਦਰ ਦੀ ਕੁਦਰਤ ਨੇ
ਮੇਰੀ ਸੱਖਣੀ ਝੋਲੀ ਪਾ ਦਿੱਤੀ
ਸੀ ਇਕ ਅਮੁੱਲੀ ਜੀਵਨ ਦਾਤ।
ਉਸੇ ਦਿਨ ਤੋਂ ਮੇਰਾ ਆਪਾ ਸੀ
ਉਸ ਖ਼ੁੱਲ ਦੇ ਅਰਪਨ ਹੋਇਆ
ਦਿਲ ਦੀਆਂ ਖੁਸ਼ਕ ਬਰੂਹਾਂ ਉੱਤੇ
ਕੋਮਲ ਖ਼ੁੱਲ ਦੀ ਆਮਦ ਖਾਤਿਰ
ਸ਼ਗਨਾਂ ਦਾ ਸੀ ਤੇਲ ਮੈਂ ਚੋਇਆ
ਉਸਦੀ ਆਮਦ ਤੇ ਸੀ ਲੱਗਦੇ
ਮੈਨੂੰ ਚੰਗੇ ਦਿਨ ਤੇ ਰਾਤ।
ਖੁਸ਼ੀਆਂ ਦੇ ਬੰਦ ਦਰਵਾਜੇ ਖੁੱਲ੍ਹੇ
ਆਸ਼ਾ ਦਾ ਕੁਲਦੀਪਕ ਜਲਿਆ
ਸਦੀਆਂ ਤੋਂ ਬੇਆਸ ਸੁਣੀਂਦਾ
ਤਨ ਦੀ ਅਗਨ ਨੂੰ ਓਕ ਲਾ ਪੀਂਦਾ
ਜਿਉਂ ਖੜਸੋਕੜ ਰੁੱਖ ਕੋਈ ਫਿਰ ਜਾਵੇ ਖ਼ਲਿਆ
ਜਦ ਮੈਂ ਖ਼ੁੱਲ ਗੁਲਾਬ ਨੂੰ ਹਿੱਕੜੀ ਨਾਲ ਲਾਇਆ,
ਅਨਾਥ ਇਆਣਾ ਬਾਲ ਤਾਂ
ਗਿਆ ਪਲ਼-ਦੋ-ਪਲ਼ ਕੁਮਲਾਇਆ
ਬੇਗਾਨੀ ਉਸ ਜਾਣ ਕੇ ਮੈਨੂੰ
ਮੈਥੋਂ ਆਪਣਾ ਹੱਥ ਛੁਡਾਇਆ
ਬੇਰੁਖ਼ੀ ਜਦੋਂ ਓਸਦੀ ਫਿਰ ਸਹਿ ਨਾ ਹੋਈ
ਜ਼ਾਰ-ਜ਼ਾਰ ਰੋਂਦਾ ਚੁਪ ਹੋ ਗਿਆ
ਜਦ ਮੈਂ ਸਾਂ ਭੁੱਬੀ ਰੋਈ।
ਨਿਰਛਲ ਵਗਦੀ ਆਬਸ਼ਾਰ ਵਿਚ
ਬਾਲ ਰੂਹ ਨੇ ਸੀ ਗੋਤਾ ਲਾਇਆ

ਸਦੀਆਂ ਤੋਂ ਸਰਦ ਪਈ ਵਿਚ ਮਮਤਾ
ਬੇਬਾਕ ਹੀ ਚਸ਼ਮਾ ਫੁੱਟ ਆਇਆ
ਸੁੱਕੀਆਂ ਬਿਰਹੋਂ ਛਾਤੀਆਂ ਦੇ ਵਗ ਤੁਰੀ
ਸੀ ਦੁੱਧ ਅੰਮ੍ਰਿਤ ਦੀ ਧਾਰਾ
ਤਪਦੇ ਸੀਨੀਓਂ ਫੁੱਟ ਨਿਕਲਿਆ
ਸ਼ੀਤਲ-ਮਿੱਠਾ ਮਮਤਾ ਦਾ ਫੁਹਾਰਾ।
ਕਈ-ਕਈ ਰਾਤਾਂ ਝਾਗੀਆਂ ਬਣ ਦੀਵੇ ਦੀ ਲੋਅ
ਜਿਵੇਂ ਮਾਂ ਦੀ ਆਂਦਰ ਸੁੱਕੇ ਰੱਖ ਕੇ ਲਾਲ ਨੂੰ
ਆਪਣੇ ਅੰਦਰ ਘੋਲਦੀ  ਨਿੱਤ ਗਿੱਲੇ ਦੀ ਖੁਸ਼ਬੋ
ਲੈ ਆਉਂਦੀ ਸੁਖਨ-ਸੁਨੇਹੜੇ ਹਰ ਸੂਰਜ ਦੀ ਲੋਅ
ਭੱਜ-ਭੱਜ ਕੰਮ ਸਵਾਰਦੀ
ਵੇਖ ਸੁੱਖਾਂ-ਲੱਧੀ ਪ੍ਰਭਾਤ।
ਚੁਫ਼ੇਰੇ ਪੱਥਰ ਮੱਚਦੇ
ਵਿਚ ਈਰਖ਼ਾ ਸੜਦੇ ਤੇ ਲੁੱਛਦੇ
ਵੱਸਣ ਦਿੰਦੇ ਨਾ ਜੋ
ਰੰਡੀ ਦੇ ਰੰਡੇਪੇ ਨੂੰ ਜਿਉਂ ਉਂਗਲਾਂ ਦੀ ਬਦਖੋਅ।
ਇਹ ਚਾਨਣ ਤੇਰਾ ਨਹੀਂ, ਇਹ ਆਂਗਣ ਤੇਰਾ ਨਹੀਂ
ਮੁੱਠੀਆਂ ਦੇ ਵਿਚ ਘੁੱਟਿਆ ਪਲਕਾਂ ਦੇ ਬੂਹੇ ਢੋਅ
ਆਪਣੇ ਹੀ ਪਛਾਂਵੇ ਨੂੰ ਫਿਰ ਆਪਣੇ ਵਿਚ ਸਮੋਅ।
ਬਚਪਨ ਉਹਦਾ ਮਾਣਦੀ,
ਉਹਦੇ ਅੰਗ-ਸੰਗ ਰਹਿਣਾ ਲੋਚਦੀ
ਰਿਸ਼ਤਿਆਂ ਦੇ ਤਪਦੇ ਥਲ਼ ਹੰਢਾਅ ਕੇ
ਮ੍ਰਿਗ-ਤ੍ਰਿਸ਼ਨਾ ਪਿੱਛੇ ਦੌੜਦੀ
ਬੀਤਦੇ ਪਲ, ਖਿਸਕਦੇ ਰਿਸ਼ਤੇ
ਘੁੱਟ-ਘੁੱਟ ਖ਼ੜਦੀ
ਪਲ਼-ਪਲ਼ ਮਰਦੀ
ਗਾਲ੍ਹਾਂ ਖਾਂਦੀ ਤੇ ਦੁਖ ਜ਼ਰਦੀ।
ਅੰਸ ਆਪਣੀ ਦੀ ਭੁੱਖ ਨੇ
ਪੁੱਟਿਆ ਵੱਸਦਾ ਹੋਇਆ ਆਸ਼ਿਆਨਾ
ਚੱਲੀਆਂ ਫਿਰ ਕੁਫ਼ਰ ਹਨ੍ਹੇਰੀਆਂ
ਰਲ਼-ਮਿਲ਼ ਗਏ ਸੱਸ, ਜੇਠ, ਨਣਾਨਾਂ
ਦਿਨ-ਦੀਂਵੀਂ ਪਰਲੋ ਵਰਤਦੀ
ਵੈਰੀ ਬਣ ਗਿਆ ਕੁੱਲ਼ ਜ਼ਮਾਨਾ
ਮੁੱਢੋਂ ਚੰਦਰਾ ਗੁਆਂਢ ਬੁਰਾ
ਲਾਈਲੱਗ ਦੀ ਮਾੜੀ ਜ਼ਾਤ।
ਉਧਾਰੀਆਂ ਖੁਸ਼ੀਆਂ ਸਾਂਭਦੀ,
ਭਰ-ਭਰ ਮੁੱਠੀਆਂ ਭੀਚਦੀ
ਲ਼ਾਚਾਰ, ਬੇਬਸ ਮਾਂ ਦਾ ਸੀ ਹੱਕ ਨਿਮਾਣਾ
ਗੋਦ ਉਹਦੀ 'ਚੋਂ ਖਿੱਚਿਆ
ਨਿੰਮੋਝੂਣਾ ਫਿਰ ਬੋਟ ਅੰਞਾਣਾ
ਕੱਚੀ ਕੰਧ ਜਿਹੀਆਂ ਜ਼ਰਜ਼ਰੀਆਂ
ਪਰ ਮਜ਼ਬੂਤ ਬੰਦਸ਼ਾਂ ਵਿਚ ਬੱਝੇ
ਚੰਦਰੇ ਏਸ ਜਹਾਨ ਦੀ
ਏਹੀ ਬੁਰੀ ਔਕਾਤ।
ਰੱਬ ਦਾ ਵਿਚਾਰਾ ਜੀਅ ਉਹ
ਮਜ਼ਬੂਰੀ ਦਾ ਪਹਿਲਾਂ ਹੀ ਮਾਰਿਆ
ਮਾਂ ਦੀ ਕੁੱਖ ਵਿੱਚੋਂ ਵੀ
ਗ਼ੁਰਬਤ ਦਾ ਦੁਰਕਾਰਿਆ
ਉੱਤੋਂ ਲੂਣਾਂ ਜਿਹੀ

ਕੋਈ ਅੱਲ੍ਹੜ ਨਿਆਣੀ
ਕੀ ਜਾਣੇ ਮਮਤਾ ਦਾ ਪਾਠ।
ਧੀ ਵਿਆਹੀਏ ਇਕ ਵਾਰ
ਤੇ ਪੁੱਤ ਚੜ੍ਹਾਈਏ ਨਿੱਤ ਬਰਾਤ
ਕੀੜੇ-ਚੱਲੀ ਸੋਚ ਦੀ
ਅੱਜ ਵੀ ਉੱਥੇ ਵਿਛੀ ਬਿਸਾਤ।
ਤਿੰਨ-ਤਿੰਨ ਮਾਂਵਾਂ ਉਹਦੀਆਂ
ਇਸ ਜੱਗ ਤੇ ਜੀਵਣ-ਥੀਵਣ
ਕੈਸੀ ਕਿਸਮਤ ਮਹਿੱਟਰ ਬਾਲ ਦੀ
ਮਮਤਾ ਵਿਹੂਣਾ
ਕੇਹਾ ਉਸਦਾ ਜੀਵਣ
ਪਰ, ਓਸ ਅਨੂਠੇ ਬਾਲ ਲਈ
ਧੁਰ-ਦਰਗਾਹੋਂ ਘੱਲ੍ਹੀ ਆਈ ਬਖਸ਼ੀਸ਼ ।
ਜਗਦਾ  ਮੁੱਖੜਾ ਓਸਦਾ
ਜਿਉਂ ਗੋਰੇ ਮੁੱਖ 'ਚੋਂ ਲੋਕ ਗੀਤ
ਰੂਹਾਂ ਵਿਚ ਵੱਸਦਾ
ਤਰਸ ਦਾ ਪਾਤਰ
ਸਾਰਾ ਪਿੰਡ ਉਹਦਾ ਸੱਜਣ-ਮੀਤ
ਬੁੱਕਾਂ ਭਰ-ਭਰ ਹਾਸੇ ਵੰਡੇ
ਰੱਬ ਨੇ ਮੌਲਾ-ਮਸਤ ਭੇਜਿਆ
ਖ੍ਹੋਲ ਦਿਲਾਂ ਦੇ ਤਾਲੇ
ਵੰਡਦਾ ਫਿਰੇ ਪ੍ਰੀਤ।
ਜਿਉ ਕੂੰਜਾਂ ਉੱਡ ਜਾਵਣ ਪ੍ਰਦੇਸੀ
ਆਲ੍ਹਣੀ ਛੱਡ ਕੇ ਬੋਟ ਅਲੂੰਏ
ਸੁਰਤ-ਚਿੰਤਨ ਨਾਲ ਪਾਲਦੀਆਂ
ਜਿਉਂ ਗਊਆਂ ਚਰਦੀਆਂ
ਬਾਰ-ਬਰਾਨੀ
ਬੱਛੜੇ ਥੀਂ ਉਹ ਰੱਖਣ ਚੀਤ
ਇੰਝ ਹੀ
ਓਸ ਨਿਮਾਣੇ ਬਾਲ ਲਈ
ਮੇਰਾ ਚਿੰਤਨ
ਜਿਉਂ ਅੰਗ-ਸੰਗ ਵੱਸਦੀ
ਪੂਤਾ ਮਾਤਾ ਕੀ ਅਸੀਸ।

## ਅਮੁੱਕ ਸਫ਼ਰ

ਭੁਲੇਖਾ ਸੀ ਮੈਨੂੰ ਮੇਰੇ ਬਾਰੇ
ਕਿ ਮੈਂ ਤੇਰਾ ਬਸ਼ਰ ਹਾਂ
ਜੀਅ ਹਾਂ ਤੇਰਾ ਭੇਜਿਆ ਹੋਇਆ
ਪਰ,
ਨਹੀ ਮੈਂ ਤਾਂ ਹਾਂ
ਇਕ ਪੱਥਰ
ਸਿਰਫ਼ ਰਕਤ-ਮਾਸ ਦਾ ਲੋਥੜਾ
ਹੱਡ-ਮਾਸ ਦੀ ਗੁੱਡੀ

ਪਿਉ ਦੀ ਪਗੜੀ
ਵੀਰੇ ਦੀ ਸ਼ਾਨ
ਪਤੀ ਦੇ ਸਿਰ ਦਾ ਤਾਜ
ਜਾਂ ਫਿਰ ਪੈਰ ਦੀ ਜੁੱਤੀ.............?
ਮੇਰਾ ਆਪਣਾ ਤਾਂ ਕੁੱਝ ਵੀ ਨਹੀਂ
ਨਾ ਘਰ ਨਾ ਬਾਰ
ਭਾਂਵੇ ਜੰਮੇ ਤੇ ਭਾਂਵੇ ਛੱਡੋ ਕੁੱਖ ਚ ਮਾਰ
ਬਾਬੁਲ ਘਰ ਬਿਗਾਨਾ ਧਨ
ਸਹੁਰੇ ਘਰ ਬਿਗਾਨੀ ਜਾਈ
ਹਾਏ ਵੇ ਲੋਕਾ
ਮੈਂ ਕਦ ਤੋਂ ਹੋਈ ਪਰਾਈ.............?
ਇਹ ਮੇਰਾ ਅਮੁੱਕ ਸਫ਼ਰ
ਕੁੱਖ ਤੋਂ ਕਬਰ ਤੱਕ
ਅਜਮਾਇਸ਼-ਏ-ਸਬਰ ਤੱਕ
ਜ਼ੁਲਮ ਤੇ ਹਸ਼ਰ ਤੱਕ
ਹਾਏ ਵੇ ਲੋਕਾ !
ਇਹ ਮੇਰਾ ਅਮੁੱਕ ਸਫ਼ਰ.........

## ਪੀੜ

ਜਗ-ਮਗਾਉਂਦੀਆਂ

ਟਿਮ-ਟਿਮਾਉਂਦੀਆਂ

ਮੋਮ-ਬੱਤੀਆਂ ਭਰੀ ਦਿਲਕਸ਼ ਸ਼ਾਮ

ਹਰ ਬਚਪਨ ਨੂੰ ਲੁਭਾਉਂਦੀ

ਹੈਪੀ ਬਰਥਡੇ ਗਾਉਂਦੀ ।

ਪਰ,

ਪੱਥਰਾਂ ਦੇ ਕਿਹੜੇ ਬਚਪਨ

ਪੱਥਰ ਤਾਂ ਅਣਸੁਣੀ ਫਰਿਆਦ

ਸੁੰਨੀਆਂ ਖੁਸ਼ੀਆਂ

ਖੁਸ਼ੀਆਂ ਦਿਨ ਰੋਣੇ

ਹੰਝੂਆਂ ਦੇ ਪ੍ਰਾਹੁਣੇ

ਅਣਚਾਹੀ ਪੀੜ

ਦਿੰਦੀ ਖੂਨ ਨਪੀੜ ।

ਬਿੱਖੜੇ-ਪੈਂਡੇ......................ਤੱਪਦੇ ਰਾਹ

ਬੇਜ਼ਾਰ ਤੇ ਲਾਚਾਰ

ਉੱਖੜੇ-ਉੱਖੜੇ ਸਾਹ

ਅਣ-ਛੋਹਿਆ, ਅਣ-ਜਾਣਿਆਂ ਭਵਿੱਖ

ਬਰਫ਼ ਵਾਂਗ ਖੁਰਦੀ ਖੁਸ਼ੀ

ਬੇ-ਘਰ ਪੰਖੇਰੂ

ਚਿੜੀਆਂ ਦਾ ਚੰਬਾ

ਖੁਸ਼ੀਆਂ ਚ ਉਦਾਸੀ

ਉਦਾਸੀਆਂ ਚ ਰੋਣੇ

ਖੁਸ਼ੀਆਂ ਨੂੰ ਯਾਦ ਰੱਖਦੇ ਨੇ ਲੋਕ

ਦਰਦਾਂ ਦੇ ਦਿਨ ਨਹੀਂ ਗਿਨਾਉਣੇ

ਦੁੱਖਾਂ ਦੇ ਤਾਂ ਜਨਮ-ਦਿਨ ਹੀ ਕੀਹਨੇ ਮਨਾਉਣੇ

ਮਾਂ ਵੀ ਭੁੱਲ ਗਈ ਉਹ ਤਰੀਕ

ਜਦ ਉਹਦੇ ਘਰ

ਪੀੜ ਸੰਗ ਜੰਮੀ ਪੀੜ ।

## *ਸਮੇਂ ਦੀ ਲੋੜ*

ਅਲ੍ਹੜ-ਬੱਲੜ੍ਹ ਬਾਵੇ ਦਾ
ਬਾਵਾ ਰੂੰ ਲਿਆਵੇਗਾ
ਬਾਵੀ ਬੈਠੀ ਵੱਟੇਗੀ
ਮਾਂ ਪੂਣੀਆਂ ਕੱਤੇਗੀ
ਸੂਤ ਟੇਰਨੇ ਘੱਤੇਗੀ
ਬਾਵੀ ਖੇਸ ਬਣਾਵੇਗੀ
ਬਾਵੇ ਉੱਤੇ ਪਾਵੇਗੀ
ਅੱਲੜ-ਬੱਲੜ੍ਹ ਬਾਵੇ ਦਾ

ਬਾਵਾ ਕਣਕ ਲਿਆਵੇਗਾ
ਬਾਵੀ ਬੈਠੀ ਛੱਟੇਗੀ
ਮਾਂ ਗੁਲੇਲੇ ਵੱਟੇਗੀ
ਬਾਵੀ ਮੰਨ ਪਕਾਵੇਗੀ
ਸਾਰੇ ਰਲ ਕੇ ਖਾਵਣਗੇ
ਫਿਰ ਸਕੂਲੇ ਜਾਵਣਗੇ
ਇਹ ਲੋਰੀ ਗਾਉਂਦਿਆਂ
ਪੋਤੇ ਨੂੰ ਖਿਡਾਉਂਦਿਆਂ
ਝੁਰੜੀਆਂ ਅੱਟੇ ਚਿਹਰੇ ਵਿਚ
ਡੂੰਘੀਆਂ ਅੱਖਾਂ ਦੀ ਚਮਕ
ਚੜ੍ਹਦੇ ਸੂਰਜ ਵਰਗੀ ਦਮਕ
ਚਿੱਟੀ ਦਾੜ੍ਹੀ ਦੀ ਸਮਝ
ਪੋਤੇ ਦੇ ਹੱਥਾਂ ਦਾ ਖਿਡੌਣਾ
ਝੂਲੇ ਝਲਾਉਣਾ
ਪੋਲੀ-ਪੋਲੀ ਢਿੱਡੀ ਤੇ
ਅੜੇਸ ਲਾ ਤੁਰਾਉਣਾ
ਮੂੰਹ, ਨੱਕ ਤੇ ਪੈਰ ਰਖਾ
ਪਲਕਾਂ ਤੇ ਬਿਠਾਉਣਾ
ਅਥਾਹ ਪਿਆਰ ਦਾ ਸਾਗਰ ਲੁਟਾਉਣਾ
ਚਾਵਾਂ ਨਾਲ ਭਰਿਆ ਦਾਦੇ-ਦਾਦੀ ਦਾ
ਰੀਝਾਂ ਦਾ ਖਿਡੌਣਾ
ਆਸਾਂ-ਸੱਧਰਾਂ ਦੀ ਮੰਜ਼ਿਲ ।
ਆਪਣੇ ਧੀਆਂ-ਪੁੱਤਾਂ ਦਾ ਬਚਪਨ ਤਾਂ
ਕਮਾਈਆਂ ਦੇ ਸਦਕੇ
ਟੱਬਰ ਦਾ ਪੇਟ ਪਾਲਣ ਦੀ ਚਿੰਤਾ
ਧੰਦਿਆਂ ਰੁੱਝੀ ਜਵਾਨੀ
ਪਦਾਰਥਵਾਦੀ ਯੁੱਗ ਦੀ ਰਵਾਨੀ
ਮੰਹਿਗਾਈ ਦੀ ਮਾਰ
ਬਸ ਪੈਸਾ ਹੀ ਦਰਕਾਰ
ਖੀਸਾ ਖ਼ਾਲੀ ਤਾਂ ਢਿੱਡ ਵੀ ਖ਼ਾਲੀ
ਜਿੱਡਾ ਵੱਡਾ ਖ਼ੀਸਾ
ਓਡਾ ਵੱਡਾ ਢਿੱਡ
ਜਿੰਨੇ ਬੰਦੇ, ਓਨੇ ਧੰਦੇ
ਰੋਜ਼ੀ-ਰੋਟੀ ਲਈ ਜਵਾਨੀ ਗ਼ਲ ਫੰਦੇ
ਟੀਵੀ, ਇੰਟਰਨੈਟੱ, ਵੀਡੀਓ ਗੇਮਾਂ ਵਿਚ
ਉਲਝਿਆ ਬਚਪਨ
ਆਈ-ਮਾਈ ਦੇ ਹੱਥੋਂ ਉਂਗਲੀ ਛੁਡਾ
ਦਾਦੇ-ਦਾਦੀ ਦੇ ਹੱਥ ਫੜਾ
ਵਿਰਾਸਤ ਨੂੰ ਸੰਭਾਲਣ ਲਈ
ਪਿਆਰ ਦਾ ਪਾਣੀ ਦੇ ਪਾਲਣ ਲਈ

ਸਮੇਂ ਦੀ ਲੋੜ
ਘਰ ਦੇ ਬਜ਼ੁਰਗ
ਘਰਾਂ ਦੀ ਸ਼ਾਨ
ਘਰਾਂ ਦੇ ਜਿੰਦੇ
ਨਵੀਂਆਂ ਪੀੜੀਆਂ ਨੂੰ ਸੰਸਕਾਰ ਦਿੰਦੇ
ਘਰ ਦੇ ਮੈਂਬਰ
ਘਰ ਦੇ ਬਾਸ਼ਿੰਦੇ ।

## <u>ਆਂਦਰਾਂ</u>

ਜਦ ਸਹੁਰੇ ਘਰ ਧੀ ਦਾ ਦਹਨ ਹੁੰਦਾ
ਮਾਂ ਦੀਆਂ ਆਂਦਰਾਂ ਨੂੰ ਸੇਕ ਲੱਗਦਾ
ਪਿਤਾ ਦਾ ਦਿਲ ਵੀ ਜ਼ਰਬਾਂ ਖਾਂਦਾ
ਦਿਲ ਦਾ ਟੋਟਾ ਫੜ੍ਹਕੇ
ਕਹਿ ਉਠਦੀ ਮੇਰੀ ਮਾਂ
ਸੀਨੇ ਵਿਚ ਚੀਸ ਜਿਹੀ ਉਠਦੀ ਏ !
ਕੰਡਾ ਜਿਹਾ ਚੁੱਭਦਾ ਏ !
ਬਸ ਫਿਰ ਉਹ ਮੰਜਾ ਮੱਲ ਲੈਂਦੀ

ਦਿਲ ਤੇ ਹੱਥ ਰੱਖ ਕੂਕਦੀ
ਹਾਏ ! ਬੁਰਕੀਆਂ ਕੱਢੀ ਲਈ ਜਾ ਰਿਹੈ ਕੋਈ
ਹਾਏ ! ਹਾਏ ! ਮੈਨੂੰ ਮੇਰੀ ਧੀ ਰੋਂਦੀਂ ਦਿਸਦੀ ਐ
ਸੁੱਖ ਨ੍ਹੀ ਅੱਜ
ਉਹ ਲਾਣਾ ਵਰਸਿਆ ਹੋਵੇਗਾ
ਕੋਈ ਭਾਣਾ ਵਰਤਿਆ ਹੋਵੇਗਾ
ਝੂਠ-ਫਰੇਬਾਂ ਦੇ ਅੱਗੇ ਹਾਰ ਗਈ ਹੋਵੇਗੀ ਮੇਰੀ ਧੀ
ਜਰਵਾਣਿਆਂ ਦੇ ਅੱਗੇ ਉਜ਼ਰ ਸੱਚ ਦਾ ਕੀ
ਹਮੇਸ਼ਾਂ ਲਈ ਉਹ ਹੋਂਠ ਲਵੇਗੀ ਸੀ ।
ਪਾਪਾ ਝੂਠਾ-ਮੂਠਾ ਦਿਲਾਸਾ ਵੀ ਦਿੰਦੇ ਤੇ ਕਹਿੰਦੇ
ਮੇਰਾ ਵੀ ਖਿਆਲ ਅੱਜ ਓਧਰੋਂ ਹੱਟਦਾ ਨਹੀਂ ।
ਇਹ ਕੋਈ ਸੁਪਨਾ ਜਾਂ ਵਹਿਮ-ਭਰਮ ਨਹੀਂ
ਇਹ ਹੈ ਸਾਂਝ ਆਂਦਰਾਂ ਦੀ
ਜਿਗਰ ਦਾ ਟੋਟਾ
ਹੋਵੇ ਜਿਹੜਾ ਕਿਸਮਤ ਦਾ ਖੋਟਾ
ਮਾਂ-ਬਾਪ ਦਾ ਜਿਗਰ ਰਹਿੰਦਾ ਚੱਟਦਾ
ਮਾਪਿਆਂ ਦੀ ਉਮਰ ਨੂੰ ਲੁੱਟਦਾ
ਸ਼ਾਹ-ਰਗ਼ ਨੂੰ ਘੁੱਟਦਾ
ਪਲ਼-ਪਲ਼ ਜੀਵਨ ਘੱਟਦਾ ।
ਪਹੁ-ਫੁਟਾਲੇ ਤੱਕ ਹੀ
ਬਿਮਾਰ ਮਾਂ ਨੂੰ ਆਪਣੀ ਹਾਲੇ ਛੱਡ
ਪਾਪਾ ਸਿਰ ਤੇ ਆਣ ਖੜ੍ਹੇ
ਹਾਇਓ ਰੱਬਾ ਮੇਰਿਆ !
ਹਾਏ ਵੇ ! ਧੀਆਂ ਦੇ ਦੁੱਖ ਬੁਰੇ ।
ਨੀਮ-ਬੇਹੋਸ਼ੀ ਵਿਚ ਉਰਲ-ਪਰਲੀਆਂ ਮੇਰੀਆਂ
ਅੱਖਾਂ ਦੇ ਮੂਹਰੇ ਛਾਈਆਂ ਨ੍ਹੇਰੀਆਂ
ਖਸਿਆਨੀ ਹਾਸੀ ਉਸ ਮੱਕਾਰ ਦੇ ਚਿਹਰੇ ਦੀ
ਪਾਪਾ ਦੇ ਮਨ ਨੂੰ ਕਚੋਟਦੀ
ਪਰ ਧੀ ਨੂੰ ਜੀਉਂਦੀ ਦੇਖ
ਮਾਂ ਲਈ ਚਿੰਤਾ ਲੋਚਦੀ
ਉਹਨੀਂ ਪੈਰੀਂ ਵਾਪਸੀ ਦਾ ਰਾਹ ਫੜ੍ਹਨ ਲਈ
ਇਕ ਬਾਪ ਜਿਹੜਾਂ ਅੰਤਾਂ ਦਾ ਮਜ਼ਬੂਰ ਸੀ
ਕਿਵੇਂ ਦੱਸਦੀ ਪੀੜਾਂ ਭਰੇ ਸਰਾਪ ਨੂੰ
ਭਰੇ ਮਨ ਦੇ ਦੁਖਿਆਰੇ ਬਾਪ ਨੂੰ
ਕਿ ਓਸ ਰਾਤ ਉਹ ਇਕ ਛੋਟੀ ਮੌਤ ਮਰੀ ਸੀ
ਨਾਕਾਮੀਆਂ ਦੇ ਸਿਲਸਿਲੇ ਵਿਚ
ਇਕ ਹੋਰ ਅਸਫ਼ਲਤਾ ਜੁੜੀ ਸੀ
ਮੌਤ ਦੇ ਦਰ-ਦਰਵਾਜਿਓਂ ਵੀ
ਧੀ ਉਹਦੀ ਅੱਜ ਖਾਲੀ ਹੱਥ ਹੀ ਮੁੜੀ ਸੀ
ਜ਼ਿੰਦਗੀ ਦੀ ਸੁੰਨੀ ਦਹਿਲੀਜ਼ ਤੇ

ਉਹ ਨੀਮ-ਬੇਹੋਸ਼ੀ ਵਿਚ ਖੜ੍ਹੀ ਸੀ ।
ਉਹ ਜਿਸਮਾਂ ਦਾ ਭੁੱਖਾ ਭੇੜੀਆ
ਹਾਏ ਰੱਬਾ ਓਏ ਮੇਰਿਆ !
ਤੂੰ ਜਿਸ ਨਾਲ ਮੇਰਾ ਨਾਤਾ ਜੋੜਿਆ
ਉਹ ਅਕਲਾਂ ਦਾ ਕੱਚਾ
ਤੇ ਵਸਫ਼ਾਂ ਦਾ ਲੁੱਚਾ
ਇੱਜ਼ਤਾਂ ਦੀ ਝੂਠੀ ਚਾਦਰ ਤਾਣ ਕੇ
ਮੌਤ ਨੂੰ ਹੁੱਝਾਂ ਮਾਰਦਾ ਰਿਹਾ
ਪਹਿਰੇਦਾਰ ਬਣ ਸ਼ਿਸ਼ਕਾਰਦਾ ਰਿਹਾ
ਕਰਦਾ ਰਿਹਾ ਸਾਰੀ ਰਾਤ ਮੌਤ ਦਾ ਬਲਾਤਕਾਰ
ਮੌਤ ! ਸੁੰਨੀ ਦੇਹ ਚ ਪਾਉਂਦੀ ਰਹੀ ਚੀਤਕਾਰ
ਤੂੰ ਹੀ ਦੱਸ ਫਿਰ ਕੀਹਦਾ ਸੀ ਉਹ ਗੁਨਾਹਗਾਰ ?
ਜੀਹਦੇ ਸਾਹਮਣੇ ਮੌਤ ਵੀ ਹੋ ਗਈ ਲਾਚਾਰ ।
ਇਹ ਕੇਹਾ ਢੰਗ-ਤਰੀਕਾ ਸੀ ?
ਮੌਤ ਨੂੰ ਹਾਰ ਵਿਖਾਉਣ ਦਾ
ਪਾਪੀ ਦਾ ਕੁਕਰਮ ਸਲੀਕਾ ਸੀ
ਇਜ਼ਤਾਂ ਦੇ ਭਰਮ ਬਚਾਉਣ ਦਾ ।
ਆਤਮ-ਦਾਹ ਦੀ ਕੋਸ਼ਿਸ਼ ਨੂੰ ਨਾਕਾਮ ਕਰਨ ਦਾ
ਜ਼ਿੰਮੇਵਾਰ ਹੋਣ ਦਾ ਦਮ ਭਰਨ ਦਾ
ਅਗਿਆਤਵਾਸ ਰਾਤ ਦੇ ਚੋਂ
ਜ਼ਿੰਦਗੀ ਦੇ ਸਾਖਸ਼ਾਤ ਕਰਨ ਦਾ
ਕਿਹੜਾ ਅਜ਼ਬ ਇਹ ਟੀਕਾ ਸੀ
ਕਾਹਦੇ ਲਈ ਜਿੰਦਾ ਸੀ ਉਸ ਰੱਖਣਾ
ਖੋਖਲਾ ਬੁਨਿਆਦੀ ਰਿਸ਼ਤਾ ।
ਸੰਘਰਸ਼ ਭਰੀ ਜ਼ਿੰਦਗੀ ਤੋਂ ਅੱਕ-ਥੱਕ
ਸਭ ਕੁਝ ਨੂੰ ਮਨੋਂ ਵਿਸਾਰ
ਮੌਤ ਦੀ ਗੋਦ ਚ
ਸਦੀਵੀ ਚੈਨ ਦਾ ਲੈਣ ਲਈ ਖ਼ਮਾਰ
ਚਿੰਤਾਵਾਂ ਤੋਂ ਹੋ ਕੇ ਮੁਕਤ
ਆਰਾਮ ਫ਼ੁਰਮਾਣ ਦੀ ਖ਼ੁਹਾਇਸ਼
ਜਨਮਾਂ ਦੀ ਭਟਕਣ ਤੋਂ ਬਾਅਦ
ਆਪਣੇ ਵਜੂਦ ਲਈ ਮੈਂ ਕਿੱਥੋਂ ਤੱਕ ਲੜਦੀ
ਕਿੰਨੀ ਦੇਰ ਰਾਂਹਾਂ ਦੇ ਰੋੜਿਆਂ ਨੂੰ ਪਰ੍ਹੇ ਕਰਦੀ
ਫ਼ਰਜ਼ੀ ਰਿਸ਼ਤਿਆਂ ਚ ਆਪਾ ਨਰੜਦੀ ।
ਹਾਸ਼ੀਏ ਮੈਨੂੰ ਮਨਜ਼ੂਰ ਨਹੀਂ
ਵਿਹਲ ਮੈਨੂੰ ਭਾਉਂਦੀ ਨਹੀਂ
ਬੇ-ਮਕਸਦ ਜ਼ਿੰਦਗੀ ਵੀ ਤਾਂ ਸੁਖਾਉਂਦੀ ਨਹੀਂ
ਵਿਹਲੇ ਮੱਥਿਆਂ ਵਿਚ ਉੱਗ ਪੈਂਦੀ ਕਾਈ
ਛਾਤੀਆਂ ਚ ਉੱਗਦੇ ਸੂਰਜ
ਦਿਨ-ਰਾਤ ਦੀ ਲੜਾਈ

ਬੁੱੜਝਾਂ ਦੇ ਸਮਝ ਨਾ ਆਈ ।
ਮੇਰੇ ਵੇਹੜੇ ਦੀ ਰੌਣਕ ਬਦਰੰਗ ਜਿਹੀ
ਖੁਸ਼ੀਆਂ ਦੀ ਕਿਰਨ ਕੋਈ ਸਤਰੰਗ ਜਿਹੀ
ਮਨ ਦੇ ਅੰਬਰੀਂ ਨਾ ਚਮਕੀ ਕਦੇ
ਦਿਲ ਦੀ ਕਲ਼ੀ ਨਾ ਦਮਕੀ ਕਦੇ
ਉਪਰਾਮ ਨਿਰਾਸ਼ ਹਰ ਮੋੜ ਤੇ ਜ਼ਿੰਦਗੀ
ਦੇਖਦੀ ਰਹੀ ਮੌਤ ਦਾ ਜਾਂਦਾ ਕਾਫ਼ਿਲਾ
ਪਤਾ ਨਹੀਂ ਸੀ ਉਦੋਂ ਕਿ ਮੌਤ ਅੰਤ ਨਹੀਂ
ਸਦੀਆਂ ਲੰਬੇ ਸਫ਼ਰ ਦਾ
ਜੇ ਹੈ ਤਾਂ ਬਸ ਜ਼ਿਸਮਾਂ ਦੀ ਅਦਲਾ-ਬਦਲੀ ਹੈ
ਇਕ ਭਰਮ ਹੈ ਨਜ਼ਰ ਦਾ
ਭੁਲੇਖਾ ਹੈ ਅਕਲ ਦਾ
ਕੁਝ ਪਲ਼ ਦੇ ਸਕੂਨ ਲਈ
ਅਰਾਮ ਪਿਛਲੇ ਸਫ਼ਰ ਦਾ
ਦਮ ਮਾਰਨ ਲਈ
ਸਿਰਫ਼ ਤੇ ਸਿਰਫ਼ ਇਕ ਪੜਾਅ............

## ਸੁਪਨ ਖ਼ਲਾਅ

ਸੁੱਤ-ਉਨੀਂਦੇ ਮੇਰੇ ਸੁਪਨੇ ਅੱਜ ਵੀ ਮੈਨੂੰ
ਚੇਤਨਾ ਦੇ ਸਦਾਚਾਰੀ ਕਿਲ੍ਹੇ ਤੋਂ
ਪਾਰ ਦੀਆਂ ਭਟਕਣਾਂ ਵਿਚ
ਲੈ ਜਾਂਦੇ ਨੇ ਦਿਨ-ਦਿਹਾੜੇ
ਗਲੀਆਂ ਲੰਮ-ਸਲੰਮੀਆਂ
ਕੁੱਝ ਛੱਤਾਂ ਟੁੱਟੀਆਂ-ਫੁੱਟੀਆਂ
ਬੰਦ ਦਰਵਾਜੇ ਤੇ ਭੀੜੇ ਵਿਹੜੇ
ਦਰਵਾਜਿਆਂ ਤੇ ਜਿੰਦੇ

ਬਦਹਵਾਸੀ, ਬੇਚੈਨੀ ਉਮਰਾਂ ਦੀ ਥਕਾਵਟ
ਸੁਪਨੇ ਇਹ ਜੋ ਸੁਤ-ਉਨੀਂਦੇ
ਹਮਾਮ ਰਾਣੀ ਮਹਿਲ ਜਿਹਾ
ਝੀਤ-ਝਰੋਖਿਆਂ ਵਾਲਾ
ਰਾਜਾ-ਸ਼ਾਹੀ ਇਸ਼ਨਾਨ-ਘਰ ਕਿਧਰੇ
ਧਰਤੀ ਦੇ ਵਿਚ ਧੱਸਦਾ ਜਾਂਦਾ
ਖੂਹ ਜਿਵੇਂ ਕੋਈ
ਇਹ ਸੁਪਨੇ ਕਿੱਦਾਂ ਦੇ ਸੁਪਨੇ
ਕਦੀ ਲੱਗਦਾ ਸਰੋਵਰ ਜਿਉਂ ਕੋਈ ਪਾਕਿ-ਪਵਿੱਤਰ
ਵਿਚ ਕਰਦੀ ਹਾਂ ਇਸ਼ਨਾਨ ਹੋ ਕੇ ਨਿਰਵਸਤਰ
ਅੰਤਾਂ ਦੀ ਘਬਰਾਹਟ ਅੰਦਰ ਬਾਹਰ
ਜ਼ਿਹਨ ਚ ਮੱਚਦੀ ਖ਼ਲਬਲੀ
ਪੋਟਾ-ਪੋਟਾ ਖੁਰਦੀ ਡਲੀ
ਸੁਪਨਿਆਂ ਦੀ ਥੱਕੀ ਹਾਰੀ
ਆਪਣਾ ਆਪਾ ਸਮੇਟ ਕੇ ਮਸਾਂ ਉਠਦੀ ਸਵੇਰੇ
ਖਿੰਡੇ ਅੰਗਾਂ ਦੀ ਪੋਟਲੀ ਬੰਨ੍ਹਦੀ
ਗੁੰਝਲਦਾਰ ਇਹ ਸੁਪਨੇ ਮੇਰੇ
ਉਲਝਣਾਂ ਦੀ ਭਾਰੀ ਪੰਡ ਵਰਗੇ
ਨਰਮ ਨਹੀਂ ਹਨ ਵਾਂਗ ਤਲੀ ਦੇ
ਸੋਚਾਂ ਦੀ ਪੀਡੀ ਗੰਢ ਵਰਗੇ
ਪੈੜ-ਚਾਪ ਡਰਾਉਣੀ ਚੱਲਦੇ
ਮੱਥੇ ਟਿੱਕਾ ਬਿੰਦੀ ਸੜਦੇ
ਦਿਲ-ਦਿਮਾਗ ਰਹਿੰਦੇ ਵਲ਼ਟੀਂਦੇ
ਝਾਂਜਰਾਂ ਦੇ ਮਿੱਠੇ ਬੋਰ ਸੁਰੀਲੇ
ਕੰਨਾਂ ਵਿਚ ਪਾਰਾ ਬਣ ਕੇ ਢਲਦੇ
ਖੁੱਸਦੇ ਲੱਗਦੇ ਜ਼ਿੰਦਗੀ ਦੇ ਹਾਸਿਲ
ਸੁਪਨ ਖ਼ਲਾਅ ਦੇ ਵਿਚ ਸਨ ਵੱਸਦੇ
ਅੰਨ੍ਹੇ, ਧੁੰਦਲੇ ਭਵਿੱਖ ਦੇ ਰੋਣੇ
ਸ਼ਾਹ-ਰਾਹ ਤੇ ਨਹੀਂ ਚੱਲਦੇ ਸੁਪਨੇ
ਛੂਕਦੇ ਜੰਗਲ ਵਾਂਗ ਡਰਾਉਣੇ
ਜਿੰਨ੍ਹਾਂ ਰਾਹਾਂ ਤੇ ਪੈੜਾਂ ਦੇ ਨਿਸ਼ਾਨ ਨਹੀਂ ਮਿਲਦੇ
ਉਂਗਲੀ ਫੜ੍ਹ ਤਕਦੀਰਾਂ ਮਾਰੇ ਹੱਥ ਨਾ ਚਲਦੇ
ਉਮਰਾਂ ਦੀ ਭੂਲ-ਭੂਲਈਆਂ ਵਿਚ ਗੁੰਮ ਜਾਂਦੇ
ਪਰ,
ਹੁਣ ਉਹਨਾਂ ਕਿਲ੍ਹਿਆਂ ਦੇ ਵਿਚ
ਹੋਂਦ ਹੈ ਮੇਰੇ ਸੱਚੇ ਰੱਬ ਦੀ
ਭਾਉ ਤੇ ਭਉ ਦੇ ਵਿਚ ਹੈ ਜਿੱਥੇ
ਸ਼ਬਦ ਗੁਰੂ ਦੀ ਜੋਤ ਹੈ ਜਗਦੀ
ਬਿੱਖੜੇ ਤੇ ਅਣਜਾਣੇ ਰਸਤੇ
ਲੱਗਦੇ ਨਹੀਂ ਬੇਗਾਨੇ ਹੁਣ

ਪੱਥਰਾਂ ਦਾ ਜਿਵੇਂ ਸ਼ਹਿਰ ਹੈ ਕੋਈ
ਰਸਤੇ ਜੋ ਅਨੰਤ ਦੇ ਜਾਪਣ
ਰੂਹ ਬੈਠੀ ਜੋ ਵਿਚ ਸਮੋਈ
ਪੀੜ੍ਹੀਆਂ ਤੋਂ ਚਲਦੀ ਆਈ ਧੁਰ ਤੋਂ
ਇਹੀ ਧਰੋਹਰ ਇਹੀ ਵਿਰਾਸਤ
ਪਿਓ-ਦਾਦੇ ਦੀ ਜ਼ਾਗੀਰ ਜਿਵੇਂ ਇਹ
ਅਜ਼ਲਾਂ ਤੋਂ ਨਾਂ ਮੇਰੇ ਹੋਈ
ਮੰਜ਼ਿਲ ਸੁਖ਼ਨ-ਸੋਹਲ ਜਿਹੀ ਮੇਰੀ
ਸ਼ਬਦਾਂ ਦੀ ਵਿਚ ਜਗਦੀ ਜੋਤੀ
ਮੁਜ਼ਰਿਮ ਨਹੀਂ ਜੋ ਰਿਸ਼ਤਿਆਂ ਵਾਂਗੂੰ
ਉਹ ਤਾਂ ਸੱਚੇ ਮਹਿਰਮ ਦਿਲਾਂ ਦੇ
ਕਲਮ ਤੇ ਕਾਗ਼ਜ਼ ਦੋਸਤ ਮੇਰੇ
ਅਹਿਸਾਸ ਮੇਰੇ ਜੀਵਣ ਜਜ਼ਬਾਤੀਂ ।

## *ਸੁਪਨ-ਸੰਸਾਰ*

ਜ਼ਿੰਦਗੀ ਦੇ ਕੁੱਝ ਪਲ਼ ਕੀਮਤੀ
ਗੁਲੋ-ਗੁਲਜ਼ਾਰ ਲ਼ਮਹੇ
ਸੁਰਮਈ ਉਜ਼ਾਲੇ
ਜੋ ਬਚਪਨ ਨੇ ਪਾਲੇ
ਘੜੀ-ਮੁੜੀ ਰੂਪ ਨਿਹਾਰਦੀ ਜਵਾਨੀ
ਕਲ਼-ਕਲ਼ ਵਗਦੀ
ਸਾਂਵਲੀ ਨਦੀ ਜਿਹੀ ਰਵਾਨੀ

ਉਹ ਚੰਚਲਤਾ, ਉਹ ਸ਼ੋਖ ਅਦਾਵਾਂ
ਸ਼ਰਬਤੀ ਬੁੱਲ੍ਹਾਂ ਚ ਬਲਦੀ ਚੁੱਪ ਦਾ ਸਿਰਨਾਵਾਂ
ਕਜ਼ਰਾਰੇ ਨੈਣਾਂ ਦੀਆਂ ਗੂੜੀਆਂ ਬੁਝਾਰਤਾਂ
ਬਿਨਾਂ ਗੱਲੋਂ ਹੱਸਣਾ
ਗੱਲ-ਗੱਲ ਤੇ ਸ਼ਰਮਾਉਣਾ
ਲਾਜ਼ਵੰਤੀ ਜਿਹੀ ਕਾਇਆ
ਕੁਆਰੀਆਂ ਸੱਧਰਾਂ
ਵਰਜਿਤ ਕਦਮ
ਅਣ-ਛੂਹੇ ਅਰਮਾਨਾਂ ਦਾ ਸਰਮਾਇਆ ਲੈ
ਸੁਪਨ ਪਰਾਂ ਤੇ ਸਵਾਰ ਹੋ
ਗੀਤਾਂ ਨੂੰ ਉਂਗਲੀ ਲਾ
ਨਜ਼ਮਾਂ ਕਵਿਤਾਵਾਂ ਨੂੰ
ਟੂਣੇਹਾਰੀ ਅੱਖ ਦੇ ਇਸ਼ਾਰੇ ਤੇ ਨਾਲ ਲੈ
ਜਿਹਨਾਂ ਖ਼ਤਾਂ-ਖਤਾਵਤਾਂ
ਨਾਜ਼ੁਕ ਹੁਸੀਨ ਅਦਾਵਤਾਂ
ਰਿਸ਼ਤੇ ਦੀ ਰੇਸ਼ਮੀ
ਪਰ, ਜ਼ਰਜ਼ਰੀ ਡੋਰ ਦੇ ਸਹਾਰੇ
ਤੇਰੇ ਸੁਪਨਮਈ ਘਰ ਦਾ ਰੁਖ਼ ਕੀਤਾ ਸੀ
ਦਰ ਤੇਰੇ ਨਾ ਖੁੱਲ੍ਹਦੇ ਨਾ ਸਹੀ
ਬਰੰਗ ਹੀ ਕਰ ਦਿੰਦਾ
ਅੱਜ ਮੇਰੇ ਅੰਦਰ ਦੇ ਮਾਰੂਥਲ ਜਿਹੇ
ਚਾਰੋ-ਤਰਫ਼ ਪੱਸਰੇ ਖਲ਼ਾਅ ਨੂੰ
ਸਾਵਨ ਦੀ ਪਹਿਲੀ ਫੁਹਾਰ ਨਾਲ
ਮਿੱਟੀ ਚ ਉਠੀ
ਭਿੰਨੀ-ਭਿੰਨੀ ਸੁਗੰਧ ਜਿਹੇ ਸੁਪਨ-ਸੰਸਾਰ ਦੀ
ਮੇਰੀ ਕਲ਼ਮ ਨੂੰ ਲੋੜ ਹੈ
ਮੇਰੀ ਜ਼ਿੰਦਗੀ ਦੇ ਹਕੀਕਤੀ ਘਰ ਨੂੰ
ਉਹਨਾਂ ਇੰਦਰ-ਧਨੁੱਸ਼ੀ ਰੰਗਾਂ ਦੀ ਲੋੜ ਹੈ
ਜਿਨ੍ਹਾਂ ਨਾਲ ਲਿਖਣੇ ਨੇ ਮੈਂ
ਪਿਆਰਾਂ ਤੇ ਮਲਹਾਰਾਂ ਦੇ ਗੀਤ
ਜਿਨ੍ਹਾਂ ਨਾਲ ਪਾਉਣੀ ਏ ਮੈਂ ਸਾਂਝਾਂ ਦੀ ਪ੍ਰੀਤ
ਛੇੜਨਾ ਏ ਮਿੱਠਾ ਪਿਆਰ ਵਾਲਾ ਸੁਹਜ-ਸੰਗੀਤ
ਸ਼ੋਖ-ਅਦਾਵਾਂ ਤੇ ਉਹ ਸੰਦਲੀ ਰੰਗ ਸਾਰੇ
ਤੇਰੇ ਵਿਹੜੇ ਰਹਿ ਗਏ ਖਿਲਾਰੇ
ਲੁੱਟੇ ਗਏ ਨੇ ਹਾਸੇ ਮੇਰੇ
ਪੱਲੇ ਦਰਦ ਹੀ ਰਹਿ ਗਏ ਵਿਚਾਰੇ
ਸਾਗਰ ਗਮਾਂ ਦੇ ਹੰਝੂ ਖ਼ਾਰੇ ।

*ਅਬੁੱਝ ਪਹੇਲੀ*

ਹੱਥਾਂ ਦੀਆਂ ਰੇਖਾਵਾਂ ਪੜ੍ਹਨ ਦਾ ਸ਼ੌਂਕ
ਆਮ ਹੈ ਅੱਜਕਲ੍ਹ
ਕਿਉਂਕਿ ਦੁਨੀਆਂ ਸੱਭਿਅਕ ਹੋ ਗਈ ਹੈ
ਰੇਖਾਵਾਂ ਤੇ ਪੀ. ਐਚ. ਡੀ. ਕਰ
ਵਿਦਿਅਕ ਹੋ ਗਈ ਹੈ
ਭਵਿੱਖ ਮੁੱਠੀ ਵਿਚ ਭਰਨ ਦੀ
ਇੱਛਾ ਅਨੁਸਾਰ ਹਾਲਾਤ ਘੜ੍ਹਨ ਦੀ
ਸੂਝ-ਬੂਝ ਪਰਬਲ਼ ਹੋ ਗਈ ਹੈ
ਸੋਚਦੀ ਹਾਂ ਕਿ ਫਿਰ ਕਿਉਂ

ਇਨਸਾਨ ਵਿਚ ਦਿਨੋਂ-ਦਿਨ
ਆਤਮ-ਹਤਿਆਵਾਂ ਦੀ ਗਿਣਤੀ ਡਬਲ ਹੋ ਰਹੀ ਹੈ ।
ਕਿਸੇ ਕਿਹਾ ਤੇਰੀ ਜੀਵਨ ਰੇਖਾ ਦੇ ਨਾਲ
ਰੱਖਿਅਕ ਰੇਖਾ ਪਹਿਰਾ ਦੇ ਰਹੀ ਹੈ
ਇਹ ਰੇਖਾ ਮਰਨ ਨਹੀਂ ਦੇਵੇਗੀ ਕਦੇ ਤੈਨੂੰ !
ਅੰਦਰੋਂ ਇਨਸਾਨੀ ਸੋਚ ਤੇ
ਠਹਾਕਾ ਮਾਰ ਕੇ ਹੱਸਦੀ ਹਾਂ
ਤੂੰ ਭਵਿੱਖ ਕਹਿ ਰਿਹੈ ਏਂ
ਅਤੀਤ ਦਾ ਪ੍ਰਛਾਵਾਂ ਤਾਂ
ਬੇਮਕਸਦ ਜ਼ਿੰਦਗੀ ਦਾ ਬੋਝ ਲੈ ਕੇ
ਕਦੋਂ ਦਾ ਮੌਤ ਨਾਲ ਅੱਖ-ਮਚੋਲੀ ਖੇਡਦਾ
ਕਾਲ-ਚੱਕਰ ਆਪਣੀ ਪੂਰੀ ਵਾਹ ਲਾ
ਅੰਦਰੂਨੀ ਇੱਛਾ-ਸ਼ਕਤੀ ਮੂਹਰੇ
ਆਪਣੇ ਮਨਸੂਬਿਆਂ ਚ ਥੱਕ-ਹਾਰ ਕੇ
ਮੇਰੀ ਬੌਧਿਕਤਾ ਨੂੰ ਸਾਣ ਤੇ ਲਾ ਕੇ
ਹਯਾਤੀ ਦੇ ਦਰਾਂ ਮੂਹਰੇ ਪੀਰਾਂ ਦੀ ਦੇਹਲੀ ਤੇ
ਜੱਗਦੇ ਚਿਰਾਗ ਦੀ ਤਰ੍ਹਾਂ ਛੱਡ
ਸਮਿਆਂ ਦੀ ਗਰਦ ਥੱਲੇ
ਬੇਪਨਾਹ ਉਦਾਸੀ ਤਾਣ
ਛਟਪਟਾਹਟ ਤੋਂ ਮੁਕਤ
ਨਿਸਚਿੰਤ ਹੋ ਚੈਨ ਦੀ ਨੀਂਦ ਸੌਂ ਗਿਆ ਏ ।
ਆਪਣੀਆਂ ਸੋਚਾਂ, ਆਪਣੇ ਖ਼ਾਬਾਂ
ਤੇ ਆਪਣੇ ਹੀ ਕਰਮਾਂ ਤੇ ਮੁਤੱਸਰ ਹੈ
ਭਵਿੱਖ !
ਜੀਣਾ ਝੂਠ ! ਬਸ ਮਿੱਠਾ ਭਰਮ ! ਤੇ ਮੌਤ ਸੱਚ !
ਕਦੋਂ, ਕਿਵੇਂ ਤੇ ਕਿੱਥੇ ?
ਦੋਵੇਂ ਅਦ੍ਰਿਸ਼ ਤਾਕਤਾਂ
ਕਰਤੇ ਦੀ ਮੁੱਠੀ ਵਿਚ ਬੰਦ
ਇਕ ਅਬੁੱਝ ਪਹੇਲੀ
ਇਕ ਅਟੱਲ ਸਚਾਈ ।

## ਕੱਚ ਦੀਆਂ ਦੀਵਾਰਾਂ

ਕੱਚ ਦੀਆਂ ਦੀਵਾਰਾਂ
ਹਰ ਦੂਜੇ, ਚੌਥੇ ਘਰ ਦੀ ਹੋਣੀ
ਬਣ ਹੀ ਜਾਂਦੀ ਹੈ
ਕੰਨਾਂ ਤੋਂ ਦਿਲਾਂ ਤੱਕ ਕੋਈ ਅਵਾਜ਼
ਕੋਈ ਅਹਿਸਾਸ ਹੀ ਪਹੁੰਚਦਾ ਨਹੀਂ ।
ਅੱਖਾਂ ਤਲਾਸ਼ਦੀਆਂ
ਸਿਰਫ਼ ਤੇ ਸਿਰਫ਼

ਕੋਈ ਭੈੜਾ ਵਸਫ਼,
ਕੋਈ ਗਲ਼ਤੀ,
ਕੋਈ ਭੁਲੱ-ਚੁੱਕ
ਉਹ ਦਿਲ ਦੇ ਸੁਹਜ਼-ਸੁਖਨ
ਪਿਆਰ ਵਿਚ ਗੁਜ਼ਾਰੇ ਰੰਗੀਨ ਪਲ਼
ਵਾਪਸ ਉਹਨਾਂ ਕੱਚ ਦੀਆਂ
ਦੀਵਾਰਾਂ ਦੇ ਪਾਰ ਕਦੀ ਨਹੀਂ ਝਾਕਦੇ
ਝਾਕਦੀਆਂ ਨੇ ਤਾਂ ਬੱਸ ਅੱਖਾਂ !
ਲਾਲ ਸੁਰਖ਼ ਅੱਖਾਂ !
ਸ਼ੁੱਕੀ ਅੱਖਾਂ !
ਟੂਣੇਹਾਰੀ ਅੱਖ ਦੇ ਸਮੋਹਨ ਵਿਚੋਂ ਅਜ਼ਾਦ ਅੱਖਾਂ ।

## ਕਰਮਾਂ-ਮਾਰੇ

ਤੁਸੀ ਤਾਂ ਕਰਮਾਂ ਮਾਰੇ ਮਾਪਿਓ,
ਜੇ ਤੁਹਾਡੇ ਘਰ ਧੀ ਨਾ ਜੰਮੀ ।
ਪੁੱਤਾਂ ਵੰਡਾਉਣੀਆਂ ਜਾਇਦਾਦਾਂ,
ਨਾਲੇ ਤੁਹਾਡੀ ਇਕ-ਇਕ ਚੰਮ੍ਹੀ ।
ਮਾਂਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਂਏ,
ਧੀ ਤਾਂ ਲੋਕ ਗੀਤ ਦੀ ਹੇਕ ਏ ਲੰਮੀ ।
ਬੁੱਢੀ ਹਿੱਕ ਨਾਲ ਲੱਗੀ ਚੀਸ ਇਹ,

ਦੁੱਖਾਂ-ਸੁੱਖਾਂ ਦੀ ਸਦੀਵੀ ਸ਼੍ਰੇਣੀ ।
ਧੀਆਂ ਧਿਰ ਹੁੰਦੀਆਂ ਨੇ ਲੋਕੋ
ਦੋਸਤੀ ਭੈਣ-ਭਰਾ ਦੀ ਉਮਰਾਂ ਲੰਮੀ ।
ਵੇਲਾ ਨਹੀਂ ਹੁਣ ਸਿਰ ਨਿਵਾਣ ਦਾ,
ਸਮੇਂ ਨੇ ਬਦਲੀ ਚਾਲ ਤੇ ਨਾਲੇ ਕਰਵਟ ਭੰਨੀ ।
ਕੁਦਰਤ ਦੀ ਰਚਨਾ ਰੁਕ ਜਾਣੀ ਏ,
ਪੁੱਤਾਂ ਦੀ ਖਾਤਰ ਜੇ ਤੁਸਾਂ ਧੀ ਨਾ ਜੰਮੀ ।
ਦੁੱਖ-ਸੁਖ ਦੁਇ ਦਰਿ ਕੱਪੜੇ ਮਾਪਿਓ,
ਸਦਾਚਾਰ, ਲਿਆਕਤ ਦੀ ਫੜਾਓ ਕੰਨੀ ।
ਨਾ ਬਣਾਓ ਆਟੇ ਦਾ ਪੇੜਾ ਇਹਨੂੰ,
ਕਾਂ-ਚੂਹਿਆਂ ਲਈ ਬਣਾਓ ਚੰਡੀ ।
ਨਾ ਲੋਹ ਹੁੰਦੀਆਂ ਨਾ ਸਿਉਂਕ ਵੇ ਲੋਕਾ,
ਧੀ ਜੁਗਾਂ ਤੋਂ ਪੀੜਾ ਹਿਰਦੇ ਦੀ ਵੰਡੀ ।

## ਜਾਪ

ਅੰਮਾ-ਅੰਮਾਂ ਕਰਦਾ ਜਾਪ,
ਹਰ ਅੱਖ ਦਾ ਤਾਰਾ ਜਾਪ ।

ਪਾਪਾ ਦਾ ਵੀ ਪਿਆਰਾ ਜਾਪ,
ਚਾਚੇ ਦਾ ਰਾਜ-ਦੁਲਾਰਾ ਜਾਪ ।

ਪਿਆਰੀ ਦਾਦੀ ਦੀ ਗੋਦ ਨੂੰ ਮਾਣੇ,
ਦਾਦੇ ਦੀ ਹਰ ਗੱਲ ਜਾਣੇ ।

ਬ੍ਰਹਮਜੋਤ ਨੂੰ ਪਾਰੀ ਕਰਦਾ,
ਹੱਸਦਾ ਤਾਂ ਫੁੱਲਾਂ ਵਾਂਗ ਝਰਦਾ ।

ਚਾਚੀ ਨੂੰ ਉਹ ਕਰਦਾ ਯਾਦ,
ਚਾਚੇ ਨੂੰ ਮਿਲਣ ਦੀ ਰੱਖੇ ਮੁਰਾਦ ।

ਕਹਿੰਦਾ ਫੋਨ ਤੇ ਬੂਆ ਆ ਜੋ,
ਜਨਮ ਦਿਨ ਆ ਕੇ ਮੇਰਾ ਮਨਾ ਜੋ ।

ਬੂਆ ਜਦ ਘਰ ਫੇਰਾ ਪਾਵੇ,
ਜਾਪ ਗੱਜ ਕੇ ਫਤਹਿ ਬੁਲਾਵੇ ।

## ਫੁੱਲ

ਕੁਦਰਤ ਫੁੱਲਾਂ ਵਿਚ ਮਹਿਕਦੀ,
ਰੌਣਕ ਬੱਚਿਆਂ ਨਾਲ ਚਹਿਕਦੀ ।

ਧਰਤ ਸੁਹਾਵੇ ਫੁੱਲਾਂ ਨਾਲ,
ਡਾਲੀ-ਡਾਲੀ, ਪਾਲੋ-ਪਾਲ
ਰੂਹ ਖੇੜੇ ਤੇ ਜਿੰਦ ਟਹਿਕਦੀ ।
ਕੁਦਰਤ... ... ... ...

ਮਧੂ-ਮੱਖੀ ਫੁੱਲਾਂ ਤੇ ਆਵੇ,

ਚੱਟ ਪਰਾਗਣ ਸ਼ਹਿਦ ਬਣਾਵੇ ।
ਦੇਹੀ ਖਾ ਕੇ ਸ਼ਹਿਦ ਦਹਿਕਦੀ ।
ਕੁਦਰਤ... ... ... ... ...

ਫੁੱਲ ਤੋੜਨ ਦੀ ਗੱਲ ਨਾ ਸੋਂਹਦੀ
ਧਰਤ ਥਾਲ ਬਣ ਆਰਤੀ ਗਾਉਂਦੀ ।
ਪੱਤੀ-ਪੱਤੀ ਜਿੰਦ ਸਹਿਕਦੀ ।
ਕੁਦਰਤ... ... ... ... ...

ਕੁਦਰਤ ਦਾ ਸ਼ਾਹਕਾਰ ਨੇ ਫੁੱਲ,
ਆਪਾ ਵਾਰਨ ਲਈ ਪੈਂਦੇ ਡੁੱਲ੍ਹ,
ਹਿਰਦੇ ਰਹਿੰਦੇ ਖੁਸ਼ਬੂ ਮਹਿਕਦੀ ।
ਕੁਦਰਤ... ... ... ... ...

## ਇਕ ਝਲਕ

ਝੱਲ ਨਾ ਹੁੰਦੀ ਤਾਬ ਹੁਸਨਾਂ ਦੀ
ਅੱਖ ਦੇ ਫਰਕਣ ਜਿੰਨੀ ਝਲਕ
ਚਾਰੋਂ-ਤਰਫ਼ ਪੱਸਰਿਆ ਪ੍ਰਕਾਸ਼
ਸੁੰਨ ਹੀ ਸੁੰਨ
ਖ਼ਲਾਅ ਹੀ ਖ਼ਲਾਅ
ਅਨੰਦ ਹੀ ਅਨੰਦ
ਪਾਣੀ ਹੀ ਪਾਣੀ
ਮਨ ਜਿਵੇਂ ਪਾਣੀ ਤੇ ਤਰਦੀ
ਕੋਰੇ ਕਾਗਜ਼ ਦੀ ਕਿਸ਼ਤੀ

ਮਨ ਨੂੰ ਡੁਬੋਂਦੇ ਵਿਚ ਕਾਲੇ ਪ੍ਰਛਾਂਵੇਂ
ਉਡੱਦੇ ਲਹਿ-ਲਹਾਉਂਦੇ
ਬੇ-ਇੰਤਹਾ ਪ੍ਰਕਾਸ਼ ਨੂੰ
ਢੱਕਣ ਵਿਚ ਨਾਕਾਮ ਰਹਿੰਦੇ
ਆਨੰਦ ਦੀ ਅਨੁਭੂਤੀ ਵਿਚ
ਖ਼ਲਲ਼ ਪਾਉਣ ਦੀ ਪੁਰਜ਼ੋਰ ਕੋਸ਼ਿਸ਼ ਕਰਦੇ
ਉਸ ਸੁੰਨ ਵਿਚ ਸਮਾਣ ਲਈ
ਬਹਿਬਲ ਆਤਮਾ
ਵੈਰਾਗ ਵਿਚ ਤੜਪਦੀ ਤੇ ਲੁੱਛਦੀ
ਪ੍ਰਕਾਸ਼ ਵਿਚ ਫੈਲੇ
ਆਨੰਦ ਅਡੋਲ ਵਿਸਮਾਦ ਵਿਚ
ਗੋਤੇ ਲਾਉਂਦੀ ਆਤਮਾ
ਪੰਜ-ਭੂਤਕ ਸਰੀਰ
ਕਦੀ ਉਡੱਦਾ
ਕਦੀ ਡੁੱਬਦਾ
ਕਦੀ ਪਾਣੀਆਂ ਵਾਂਗ ਫੈਲ ਜਾਂਦਾ
ਵਿਆਕੁਲ ਛਟਪਟਾਉਂਦੀ ਬਿਹਬਲ ਆਤਮਾ
ਸੁੰਨ-ਮੁੰਨ, ਸੁੰਨ-ਮੁੰਨ
ਚਾਰੋਂ-ਤਰਫ਼ ਪੱਸਰਿਆ ਖ਼ਲਾਅ
ਘਬਰਾਹਟ ਤੇ ਬੇਚੈਨੀ ਭਰੀ ਤੜਪ
ਪੂਰੇ ਵਸਲ਼ ਦੀ ਤਾਂਘ
ਤੜਪਦੀ ਉਮੰਗ
ਮਿਲਾਪ ਤੋਂ ਪਹਿਲਾਂ ਵਿਛੋੜਾ
ਰੂਹ ਨੂੰ ਤੋੜਾ
ਆਖਰ
ਕਦ ਤੱਕ !
ਕਦ ਤੱਕ !

## *ਸੰਨ ੮੪*

*ਚੁਰਾਸੀ ਦਾ ਵਰ੍ਹਾ ਸੀ ਅੱਗ ਦਾ ਵਰ੍ਹਾ*
*ਮੇਰੇ ਸੋਹਣੇ ਦੇਸ਼ ਪੰਜਾਬ ਤੇ।*
*ਰੰਗਾਂ ਭਰੀ ਫੁਲਕਾਰੀ*
*ਸੋਂਹਦੀ ਸੀ ਏਹਦੀ ਆਬ ਤੇ।*
*ਲੰਗਾਰ ਪਾੜ ਕੇ ਅਜ਼ਮਤ ਦੇ*
*ਲੱਖਾਂ ਦਰੋਪਦੀਆਂ ਨੂੰ ਸਿਸਕਣ ਲਾ ਗਈ।*
*ਸਰੂ ਜਿਹੀ ਜਵਾਨੀ ਨੂੰ*
*ਫਿਰਕੂਆਂ ਦੀ ਪੈਨੀ ਨਜ਼ਰ ਖਾ ਗਈ।*

ਜੋਸ਼ੀਲੇ ਮੱਸ-ਫੁੱਟ ਗੱਭਰੂਆਂ ਦੇ ਜੋਸ਼ ਨੂੰ
ਸਿਆਸਤ ਵਰਗਲਾ ਗਈ।
ਜ਼ਿਹਨਾਂ ਵਿਚ ਚੱਲੀ ਬਗਾਵਤ ਦੀ ਐਸੀ ਹਵਾ
ਨਫ਼ਰਤ ਦਾ ਲਾਂਬੂ ਲਾ ਗਈ।
ਮੇਰੇ ਭਾਰਤ ਮਹਾਨ ਦੇ ਨਿਰਪੱਖ ਰਾਜ ਵਿੱਚ
ਲੋਕਤੰਤਰ ਦਾ ਹਿਜ਼ਾਬ ਉੜਾ ਗਈ।
ਬੇ-ਇੰਤਹਾ ਜ਼ੁਲਮ ਚੋਂ ਉਪਜੀ ਬਾਗੀ ਸੁਰ ਦੀ ਕੂਕ,
ਪਾਕ ਸੀਨਿਆਂ ਨੂੰ ਮਾਰੂਥਲ ਬਣਾ ਗਈ।
ਭਰੀ-ਪੀਤੀ ਚੁੱਪ ਦੀ ਤਪਸ਼
ਰੁਮਕਦੀ ਹੋਈ ਸੋਚ ਨੂੰਹਥਿਆਰਾਂ ਨਾਲ ਖੇਡਣ ਲਾ ਗਈ।
ਹਨੇਰਿਆਂ ਦਾ ਲਿਖ ਸਿਰਨਾਵਾਂ
ਹੁਸਨ-ਇਸ਼ਕ ਦੇ ਗੀਤਾਂ ਨੂੰ
ਤੀਲ੍ਹੀ ਲਾ ਕੇ ਜੰਗਲ ਦੇ ਰਾਹ ਪਾ ਗਈ।
ਉਹ ਜੰਗਲ ਕਿ ਜਿਸਦਾ ਦੁਰਸਾਸ਼ਨ ਸੀ ਪਹਿਰੇਦਾਰ।
ਦਿਨ-ਦਿਹਾੜੇ ਦਰੋਪਦੀਆਂ ਦੇ ਚੀਰਹਰਨ
ਖ਼ੂਨੀ ਰਾਵਣਾਂ ਹੱਥੋਂ ਸੀਤਾਵਾਂ ਦੇ ਬਲਾਤਕਾਰ।
ਜ਼ੁਲਮ ਏਨਾ, ਕਹਿਰ ਏਨਾ
ਕਿ ਬੱਚੀਆਂ-ਬੁੱਢੀਆਂ ਦੀ ਇੱਜ਼ਤ   ਹੋਈ ਤਾਰ-ਤਾਰ।
ਉਹ ਜੰਗਲ ਕਿ ਜਿੱਥੇ
ਕੁੱਝ ਕੌਡੀਆਂ ਦੀ ਖਾਤਿਰ, ਈਮਾਨ ਰਿਹਾ ਵਿਕਦਾ
ਇਨਸਾਨ ਰਿਹਾ ਵਿਕਦਾ।
ਉਹ ਜੰਗਲ ਕਿ ਜਿੱਥੇ
ਵੱਖੋ-ਵੱਖ ਨਾਹਰਿਆਂ ਦਾ ਭਗਵਾਨ ਰਿਹਾ ਵਿਕਦਾ।
ਜੰਗਲ ਕਿ ਜਿੱਥੇ
ਇਨਸਾਨੀ ਗਲਾਂ ਵਿੱਚ ਟਾਇਰ ਪੈਂਦੇ ਵੇਖੇ।
ਜੰਗਲ ਕਿ ਜਿੱਥੇ
ਜੁੜੀਆਂ ਭੀੜਾਂ ਵਿਚ ਡਾਇਰ ਆਉਂਦੇ ਵੇਖੇ।
ਆਂਹਾਂ ਤੇ ਧਾਹਾਂ ਜੋ ਚੀਕਾਂ-ਪੁਕਾਰਾਂ ਅੰਬਰੀ ਜਾ ਚੜ੍ਹੀਆਂ।
ਗੂੰਜੀਆਂ ਉਹ ਮੁੜ-ਮੁੜ ਬ੍ਰਹਿਮੰਡ ਦੇ ਵਿਚ ਖੜੀਆਂ।
ਉਜਾੜਾਂ 'ਚ ਜਿਵੇਂ ਕੋਈ ਰੁੱਖ ਹੋਵੇ ਸੜਿਆ
ਇਮਾਰਤਾਂ ਇਉਂ ਜਾਪਣ ਜਿਉਂ ਖੰਡਰ ਤੇ ਮੜ੍ਹੀਆਂ।
ਦਿਲ ਵਾਲੀ ਦਿੱਲੀ ਦਾ ਦਿਲ ਖੰਗਰ ਹੋਇਆ
ਆਪਣਿਆਂ ਨੇ ਇਸ ਤਰ੍ਹਾਂ ਕੁੱਝ ਦਿੱਤੇ ਸੀ ਸਦਮੇ

*ਮਮਤਾ ਦਾ ਖੂਨ ਸੀ ਅੱਖੀਆਂ 'ਚੋਂ ਚੋਇਆ।*
*ਹੋਈਆਂ ਜੋ ਵਿਧਵਾਵਾਂ*
*ਉਹਨਾਂ ਦੇ ਚੂੜੇ ਸਾਲੂ ਜੋ ਰੰਗਲੇ ਕਿੱਲੀਆਂ ਤੇ ਟੰਗੇ*
*ਅਜੇ ਤੀਕ ਜ਼ਹਿਰ ਨਾ ਹੱਢਾਂ 'ਚੋ ਨਿੱਕਲੇ,*
*ਦੋ-ਮੂੰਹੇ ਨਾਗਾਂ ਦੇ ਐਸੇ ਨੇ ਡੰਗੇ।*
*ਇਕ ਅਰਸਾ ਬੀਤਣ ਦੇ ਬਾਅਦ ਵੀ ਸੱਚ ਹੈ,*
*ਜ਼ਖ਼ਮ ਉਹਨਾਂ ਦਿੱਤੇ ਜੋ ਹੁਣ ਤੀਕ ਅੱਲੇ,*
*ਅੱਜ ਵੀ ਸਰੀਰਾਂ 'ਚੋ ਰਿਸਦੇ ਪਏ ਨੇ*
*ਪਰ ਉਹਨਾਂ ਕੋਈ ਤਬੀਬ ਨਾ ਘੱਲੇ।*
*ਝੂਠੇ ਹੀ ਜੱਜ ਨੇ ਤੇ ਝੂਠੇ ਗਵਾਹ ਨੇ,*
*ਕੂੜ-ਕਚਹਿਰੀਆਂ, ਨਾ ਸੁਣਵਾਈ ਕੋਈ*
*ਫੇਰ ਤੋਂ ਜੰਮੇ ਕੋਈ ਮਰਦ-ਅਗੰਮੜਾ*
*ਫੇਰ ਆ ਕੇ ਕਰੇ ਸਾਡੀ ਅਗਵਾਈ ਕੋਈ।*

## ਆਵਾ-ਗਮਨ

ਸੰਸਾਰ ਹੈ ਆਵਾ-ਗਮਨ ਦਾ ਮੇਲਾ,

ਲੱਗਦਾ ਮੇਲਾ ਬੜਾ ਸੁਹੇਲਾ ।

ਆਪਣੀ ਵਾਰੀ ਸਭ ਤੁਰ ਜਾਣਾ,

ਮੰਨਣਾਂ ਪੈਣਾਂ ਰੱਬ ਦਾ ਭਾਣਾ ।

ਸੱਭ ਲੋਕਾਈ ਤੁਰੀ ਹੈ ਜਾਂਦੀ,

ਆਪਣੀ ਚਾਲੇ ਰੁੜ੍ਹੀ ਹੈ ਜਾਂਦੀ ।

ਮਰਿਆਂ ਸੰਗ ਨਾ ਕੋਈ ਮਰਦਾ,

ਮਰ ਜਾਣ ਪਿੱਛੋਂ ਸੱਭਦਾ ਸਰਦਾ ।

ਕਿੰਝ ਹੋਣੀ ਤੇਰੀ ਮੌਤ ਮਨੁੱਖਾ,

ਇਹ ਕੁਦਰਤ ਦਾ ਭੇਤ ਅਨੋਖਾ ।

ਸਭ ਰਿਸ਼ਤੇ ਗਰਜ਼-ਵੰਗਾਰਾਂ ਵਾਲੇ ।

ਕੁੱਝ ਰਿਸ਼ਤੇ ਪੀਰ ਮਜ਼ਾਰਾਂ ਵਾਲੇ ।

ਮਰਦੀ ਮਾਂ ਵਿਸਾਹ ਨਾ ਕਰਦੀ,

ਮਮਤਾ ਤਾਂ ਮਰ ਕੇ ਨਹੀਂ ਮਰਦੀ ।

ਉੱਚਾ-ਸੁੱਚਾ ਮਾਂ ਦਾ ਰਿਸ਼ਤਾ ।

ਅੱਲ੍ਹਾ, ਰੱਬ ਦੇ ਨਾਂ ਦਾ ਰਿਸ਼ਤਾ

ਅਕੀਦਤ ਅਤੇ ਅਜਾਂ ਦਾ ਰਿਸ਼ਤਾ

ਪਰਮ-ਪਿਤਾ ਪ੍ਰਮਾਤਮਾ ਦਾ ਰਿਸ਼ਤਾ ।

''''''''''

## *ਏਕੋ ਕਵਾਓ*

ਵਾਹਿਗੁਰੂ ਦੀ ਅਵਾਜ਼ ਵਿਚ ਟਕਰਾਂਦੀ

ਅਜਨਬੀ ਦੀ

ਓ.............ਮ ਦੀ ਅਵਾਜ਼.............

ਉਸ ਅਵਾਜ਼ ਨੂੰ ਝਟਕ

ਵਾਹਿਗੁਰੂ ਦੀ ਅਵਾਜ਼ ਵਿਚ

ਸਮਾਉਣ ਦੀ ਕੋਸ਼ਿਸ਼ ਕਰਦੀ

ਪਤਾ ਹੀ ਨਹੀਂ ਚੱਲਿਆ

ਕਦੋਂ

ਓਮ ਤੇ ਵਾਹਿਗੁਰੂ ਦੀਆਂ ਅਵਾਜ਼ਾਂ

ਏਕੋ ਕਵਾਓ....................

ਵਿਚ ਸਮਾ ਗਈਆਂ

ਪਰ

ਮੈਂ ਫਿਰ ਵਾਹਿਗੁਰੂ ਵਿਚ ਸਮਾਅ ਗਈ

ਤੇ ਓਹ ਅਜਨਬੀ

ਜੈ ਸ੍ਰੀ ਕ੍ਰਿਸ਼ਨਾ ਦਾ ਉਚਾਰਨ ਕਰਦਾ

ਆਪਣੇ ਰਸਤੇ ਚਲਦਾ ਗਿਆ ।

''''''''

## ਸੁਲਗਦੀ ਖਾਮੋਸ਼ੀ

ਤੱਪਦੇ ਹੋਠਾਂ ਵਿਚ ਸੁਲਗ਼ਦੀ ਖਾਮੋਸ਼ੀ

ਪਹਿਚਾਣ ਤੋਂ ਦੂਰ ਜਾਣਾ ਲੋਚਦੀ

ਕਦੇ-ਕਦੇ ਬਸ ਉਦਾਸੀ ਦੇ ਘੁੰਢ ਵਿਚੋਂ

ਸ਼ਬਦਾਂ ਦਾ ਕਾਸਾ ਖੋਲ੍ਹਦੀ

ਚੁੱਪ ਦੇ ਬੋਲ ਬੋਲਦੀ

ਕਿਸੇ ਰਾਹਗੀਰ ਅਜ਼ਨਬੀ ਦੀ ਤਰ੍ਹਾਂ

ਤੜਪਦੇ, ਪਿਘਲਦੇ ਬੋਲਾਂ ਨੂੰ

ਤਪਸ਼ ਮਾਰੇ ਮੱਥਿਆਂ ਵਿਚ ਡੋਲ੍ਹਦੀ

ਚੀਕਦੀ ਚੁੱਪ ਦੇ ਰਾਹੋਂ ਗੁਜ਼ਰਦੀ

ਸਮੇਂ ਦੇ ਨਿਰੰਤਰ ਚੱਲਦੇ ਪਹੀਏ ਨੂੰ

ਨ੍ਹੇਰਿਆਂ ਦੇ ਚਿੱਲੇ ਚਾੜ੍ਹਦੀ

ਉਦਾਸੀ ਦੀ ਤਲਖ਼ ਧੁੱਪ ਵਿਚ

ਨੰਗੇ ਪੈਰੀਂ ਰਸਤੇ ਨਾਪਦੀ

ਦਰ-ਬਾ-ਦਰ ਫਿਰਦੀ ਦਰਦ ਜਾਲਦੀ

ਖੁਰਦੀ ਵਫ਼ਾ ਨੂੰ ਵਾਅਦਿਆਂ ਦੇ ਜੰਗਲ ਭਾਲਦੀ

ਮਨਫ਼ੀ, ਜਮ੍ਹਾ, ਜ਼ਰਬ ਤੇ ਤਕਸੀਮ ਹੁੰਦੀ

ਇਕ ਸ਼ਹਿਰ ਤੋਂ ਦੂਜੇ ਸ਼ਹਿਰ

ਪੱਲੇ ਵਿਚੋਂ ਲੈ ਕੇ

ਯਾਦਾਂ ਦੀਆਂ ਕੁੱਝ ਉਲਝੀਆਂ ਤੰਦਾਂ

ਚਾਨਣ ਦੀ ਫੁੱਲਕਾਰੀ ਉੱਤੇ

ਕਦੇ-ਕਦੇ ਕੋਈ ਤੋਪਾ ਭਰਦੀ

ਅੰਤ ਪੜਾਅ ਤੀਕ ਪਹੁੰਚਣ ਦੇ ਲਈ

ਪੜਾਅ-ਦਰ-ਪੜਾਅ ਭਟਕਦੀ

ਜ਼ਿਹਨ ਵਿਚ ਚੱਲਦੀ ਕਸ਼ਮਕਸ਼ ਸੰਗ

ਇਕ ਸੁਰ ਹੋ ਹੁੰਗਾਰਾ ਭਰਦੀ

ਆਲ-ਦੁਆਲੇ ਤੋਂ ਹੋ ਕੇ ਬੇਖ਼ਬਰ

ਚੁੱਪ ਦੇ ਜੰਗਲ ਚੀਰਦੀ

ਰਾਹਾਂ ਦੀਆਂ ਸੂਲਾਂ ਸਿਰ ਭਾਰ ਹੋ ਚੁੱਗਦੀ

ਬਿਨ ਸਿਰਨਾਂਵੇਂ ਮੰਜ਼ਿਲ ਢੂੰਡਦੀ

ਮ੍ਰਿਗ ਕਸਤੂਰੀ ਭਾਲਦੀ

ਜੰਗਲ-ਜੰਗਲ ਜ਼ਫ਼ਰ ਜਾਲਦੀ ।

## *ਮੈਂ ਤੇ ਗੁਲਾਬ*

ਹਰਾ-ਕਚੂਰ ਗੁਲਾਬ ਦਾ ਬੂਟਾ,

ਦੇਖ ਮੇਰਾ ਮਨ ਮੋਹਿਤ ਹੋਇਆ ।

ਕੱਟ ਕਲਮਾਂ ਮੈਂ ਉਹਦੀਆਂ,

ਆਪਣੀ ਫੁਲਵਾੜੀ ਬੋਇਆ ।

ਫੁੱਲ਼ ਨਾ ਸਹੀ ਕੋਈ ਗੱਲ ਨਹੀਂ,

ਏਹਦਾ ਮਨ ਨੂੰ ਰੰਗ ਸੁਹਾਏਗਾ ।

ਦਿਨਾਂ ਵਿਚ ਖਿੜ ਪੱਤੀ-ਪੱਤੀ,
ਹਰਿਆਲੇ ਪੰਖ ਫੈਲਾਏਗਾ ।
ਮਾਲੀ ਆਇਆ ਪੁੱਟ ਵ੍ਰਗਾਇਆ,
ਬਿਨ ਫੁੱਲਾਂ ਤੋਂ ਸੱਖਣਾ ਬੂਟਾ ।
ਧਰਤੀ ਦਾ ਵੀ ਸੀਨਾ ਫਟਿਆ,
ਮਾਲੀ ਨੇ ਜਦ ਪੁੱਟਿਆ ਬੂਟਾ ।
ਧੁਰ ਤੋਂ ਪੁੱਟੀ ਜੜ੍ਹ ਦੀ ਮੇਰੇ,
ਕਸਕ ਕਲੇਜੇ ਚੁੱਭ ਗਈ ਆ ।
ਗੁਜ਼ਰੇ ਹੋਏ ਪਲ਼ ਦੀਆਂ ਸੂਲਾਂ,
ਨੈਣਾਂ ਦੇ ਵਿਚ ਪੁੜ ਗਈਆਂ ।
ਫੱਬਵੀਂ ਦਿੱਖ ਤੇ ਸੋਹਣੀ ਸੂਰਤ,
ਸੱਭ ਮਿੱਟੀ ਵਿਚ ਰੁਲ ਗਈਆਂ ।
ਮੈਂ ਤੇ ਉਹ ਗੁਲਾਬ ਦਾ ਬੂਟਾ,
ਜਾਪੇ ਹੋਣੀ ਇਕੋ ਜਿਹੀ ।
ਉਹ ਤੇ ਮੈਂ, ਮੈਂ ਤੇ ਉਹ,
ਕਹਾਣੀ ਅਧੂਰੀ ਦਰਦ ਭਰੀ ।
ਫੁੱਲਾਂ ਤੇ ਫ਼ਲਾਂ ਤੋਂ ਸੱਖਣੇ,
ਖੜ੍ਹੇ ਸਾਂ ਖਿੜੇ ਗੁਲ਼ਜ਼ਾਰ ਵਿਚ,
ਮਾਲੀ ਪੁੱਟ ਸੁੱਟਦਾ ਦੋਹਾਂ ਨੂੰ,
ਜੋ ਸ਼ੋਭਨੀਕ ਨਾ ਪਰਵਾਰ ਵਿਚ ।

,,,,,,,,

## *ਅਦ੍ਰਿਸ਼ ਸ਼ਕਤੀ*

ਜ਼ਿੰਦਗੀ ਮੇਰੀ ਦੇ ਬਿੱਖੜੇ ਰਸਤੇ

ਧੰਦੂਕਾਰ, ਗੁਬਾਰ ਭਰੇ ਹੋਏ

ਸਦੀਆਂ ਜੇਡ ਲੰਮੇਰੇ ਪੈਂਡੇ

ਮੇਰੀਆਂ ਹੱਥਾਂ ਦੀਆਂ ਰੇਖਾਵਾਂ

ਮੈਨੂੰ ਇੰਜ ਡਰਾਉਣੀਆਂ ਜਾਪਣ

ਗੁੰਝਲਦਾਰ ਜ਼ਿੰਦਗੀ ਦੇ ਵਾਂਗੂੰ

ਕੱਟੀਆਂ ਹੋਈਆਂ ਕਿਤੋਂ ਟੁੱਟੀਆਂ-ਫੁੱਟੀਆਂ
ਜੱਦੋ-ਜ਼ਹਿਦ, ਸੰਘਰਸ਼ ਨੇ ਆਖਰ
ਦਿਲ ਹਿੰਮਤ ਤੇ ਸ਼ਾਹ-ਰਗ਼ ਦੀਆਂ
ਸੱਭੇ ਮੇਰੀਆਂ ਨਬਜ਼ਾਂ ਘੁੱਟੀਆਂ
ਭਿਆਨਕ ਉਹਨਾਂ ਰੇਖਾਵਾਂ ਦੇ ਵਿਚ
ਅਡੋਲ ਜਿਹੀ ਕੋਈ ਰੱਬੀ ਸ਼ਕਤੀ
ਦਰਿਆਵਾਂ ਜਿਹੀ ਡੂੰਘੀ ਜੀਵਨ-ਰੇਖਾ
ਮੰਜ਼ਿਲ-ਦਰ-ਮੰਜ਼ਿਲ ਪਹਿਰੇਦਾਰ ਖੜੋਤੀ
ਸ਼ਾਇਦ, ਚਲਦੇ ਰਹਿਣ ਦਾ ਬਾਇਸ ਹੈ ਉਹ
ਪੁਨਰ-ਜਨਮ ਲਈ ਜਗਦੀ ਜੋਤੀ
ਮਾਲਾ ਸਵਾਸਾਂ ਦੀ ਰੱਖਦਾ ਜੋੜ ਕੇ
ਸੁੱਚੀ ਆਸ ਦਾ ਸੁੱਚਾ ਮੋਤੀ
ਟੁੱਟ ਗਿਆ ਜੋ ਆਖਰ ਇਕ ਦਿਨ
ਧੁੰਦਲੇ ਜਿਹੇ ਵਿਸ਼ਵਾਸ ਦਾ ਸ਼ੀਸ਼ਾ
ਅਤੀਤ ਦੇ ਟੁੱਟੇ ਸ਼ੀਸ਼ੇ ਵਿਚੋਂ
ਖੰਡ-ਵਿਖੰਡਤ ਦਿਸ ਪਏ ਮੈਨੂੰ
ਰੂਹ ਮੇਰੀ ਦੇ ਅਕਸ ਰੁਹਾਨੀ
ਘਿਨੌਣੇ ਕੱਲ੍ਹ ਦੇ ਵਿਚੋਂ ਦਿਸਿਆ
ਪ੍ਰਜ਼ਵੱਲਤ ਜੋਤ ਜਿਵੇਂ ਨੁਰਾਨੀ
ਉਸ ਵਿਚੋਂ ਇਕ ਮਕਸਦ ਮਿਲਿਆ
ਮਕਸਦ ਬਿਨ ਲੱਗਦੀ ਸੀ ਮੈਨੂੰ

ਜ਼ਿੰਦਗੀ ਮੇਰੀ ਇਉਂ ਜਿਵੇਂ
ਤਿੜਕੇ ਘੜੇ ਵਿਚ ਰੱਖਿਆ ਪਾਣੀ
ਮਿਲ ਗਿਆ ਜਿਉਂ ਕੁੱਝ ਕਰ ਗੁਜ਼ਰਨ ਲਈ
ਜ਼ਿੰਦਗੀ ਦਾ ਕੋਈ ਰਾਜ਼ ਨਵਾਂ
ਉਮਰਾਂ ਦਾ ਕੋਈ ਸਾਜ਼ ਨਵਾਂ
ਨਿਰਮਲ ਪਾਣੀਆਂ ਜਿਹੀ ਰਵਾਨੀ
ਕਾਲ-ਚੱਕਰ ਨੂੰ ਗੇੜ ਕੇ ਰੱਖਦੀ
ਅਦ੍ਰਿਸ਼ ਸ਼ਕਤੀ ਜੋ ਹਰ ਪਾਸੇ ਵਰਤੇ
ਉਸ ਸ਼ਕਤੀ ਦਾ ਨਹੀਂ ਕੋਈ ਸਾਨੀ !
ਹਾਦਸਾ-ਦਰ-ਹਾਦਸਾ ਹੁੰਦੀ ਰਹੀ
ਦਰਪੇਸ਼ ਸਦਾ ਮੇਰੀ ਜ਼ਿੰਦਗਾਨੀ
ਵਾਪਰੇ ਜੋ ਹਾਦਸੇ ਕੰਢਿਆਂ ਨੂੰ ਖੋਰਦੇ
ਮਿੱਟੀ ਨੂੰ ਰੋੜ੍ਹਦੇ ਅਕਲਾਂ ਨੂੰ ਜੋੜਦੇ
ਰਸਤਾ ਬਣਾਉਂਦੇ ਇੰਝ ਆਪਣਾ
ਜਿਉਂ ਬੇਬਹਾ ਦਰਿਆਈ ਪਾਣੀ
ਬੇਮਰਜ਼ ਕਦੇ ਬੇਮੁਰੱਵਤ,
ਕਦੇ ਕਜ਼ਾ ਬੇਵਫ਼ਾ, ਬੇਮਾਨੀ
ਸਮਝ ਤੋਂ ਪਰ੍ਹੇ ਰਹੀਆਂ ਜੋ ਅੱਜ ਤੱਕ
ਜੀਵਨ ਦੀਆਂ ਸੱਭ ਰਮਜ਼ਾਂ-ਤਨਜ਼ਾਂ
ਕਿਉਂ ਦੇਂਦੀ ਹੈ ਏਨੇ ਦੁੱਖ ਇਹ
ਕੀ ਚਾਹਵੇ ਪਤਾ ਨਹੀਂ ਮੈਨੂੰ

ਮੈਥੋਂ ਮੇਰੀ ਇਹ ਜ਼ਿੰਦਗਾਨੀ ?

ਮੰਝਧਾਰ ਵਿਚ ਘਿਰੀ ਅੱਧ-ਅਧੂਰੀ

ਥੱਕ ਜਾਏ ਜਦੋਂ ਜਿੰਦ ਨਿਮਾਣੀ

ਮੌਤ ਨੂੰ ਵਾਜਾਂ ਮਾਰ ਬੁਲਾਵੇ

ਪਰ ਬੁਲਾਈ ਮੌਤ ਕਦ ਆਵੇ

ਇਸ ਬੇਰਹਿਮ ਜ਼ਮਾਨੇ ਦੇ ਵਿਚ

ਮਿਲਦੇ ਮੌਤ ਦੇ ਬਦਲ ਹਮੇਸ਼ਾਂ

ਰੁਦਨ ਦਿਲਾਂ ਦੇ,

ਦੁੱਖਦੀ ਰਗ਼, ਦਰਦਾਂ ਦੇ ਨਾਲੇ

ਬਲਦੀ ਸ਼ਮ੍ਹਾ ਦੇ ਵਾਂਗੂੰ ਪਿਘਲ਼ੇ

ਵਰ੍ਹੇ ਹਯਾਤੀ ਦੇ ਹਰਿਆਲੇ

ਬੰਜਰ ਕੁੱਖਾਂ ਜਿਹੇ ਜਾਪਣ ਮੈਨੂੰ

ਜਿਉਂ ਫ਼ਨੀਅਰ ਕਾਲੇ ਸੱਪ ਵਿਉਹਲੇ

ਸੰਘਣੇ ਹਨ੍ਹੇਰੇ ਬਣ ਜਾਵਣ ਸਰਘੀ ਦੇ ਵੇਲੇ

ਹਾਸਿਆਂ ਦੇ ਸੂਹੇ ਫੁੱਲ ਗੁਲਾਬੀ

ਤੇ ਚੰਬੇ ਦੀਆਂ ਕਲੀਆਂ

ਖਿੜਨ ਤੋਂ ਪਹਿਲਾਂ ਹੀ ਮੁਰਝਾ ਗਏ

ਉਹ ਵੀ ਜੋ ਖਿੜਨੇ ਸੀ ਕਵੇਲੇ

ਘਟਾਵਾਂ ਕਾਲੀਆਂ ਖਾ ਲਏ

ਲਮਸ ਭਰੇ ਜ਼ਿੰਦਗੀ ਦੇ ਉਜਾਲੇ

ਚਾਰਦੀਵਾਰੀ ਬੰਦ ਕਮਰੇ ਦੀ ਵਿਚ ਰਹੇ ਭਟਕਦੇ

ਮਰ-ਮੁੱਕ ਗਏ ਰਿਸ਼ਤੇ ਦੀ ਲਾਸ਼ ਨੂੰ ਢੋਂਦੇ

ਥੱਕੇ-ਟੁੱਟੇ ਦਿਨ ਮੇਰੇ

ਲਾਸ਼ ਸਿਰਾਣੇ ਭੋਗੀਆਂ ਰਾਤਾਂ ਦੇ

ਸਿਤਮ-ਜ਼ਰੀਫ਼ੇ ਹੱਦੋਂ ਬਾਹਰੇ

ਸਿੱਦਕ ਮੇਰੇ ਦੀ ਹੱਦ ਵੀ ਅੱਤ ਸੀ

ਲਾਸ਼ ਦੇ ਵਿਚ ਵੀ ਕੀਤੀ ਪੈਦਾ ਤਾਂਘ ਜੀਣ ਦੀ

ਰਿਸ਼ਮ ਉਧਾਰੀ ਲੈ ਕੇ ਕਿਧਰੋਂ

ਘਰ ਹਨ੍ਹੇਰੇ ਭਰ ਲਈ ਇਕ ਕਿਰਨ ਥੀਣ ਦੀ

ਉਹ ਜੋ ਮੇਰੇ ਪਲ਼ ਅਤੀਤ ਦੇ

ਚੱਖੇ ਸੀ ਮੈਂ ਮਾਖਿਓਂ-ਮਿੱਠੇ ਪਲ਼ ਜੀਵਨ ਦੇ

ਪਲ਼ ਉਹ ਭਰ-ਭਰ ਬੁੱਕ ਅੰਮ੍ਰਿਤ ਪੀਵਣ ਦੇ

ਮੋਹ ਦੇ ਨਸ਼ੇ ਵਿਚ ਗੜੁੱਚੇ

ਸਾਬਤ-ਸਬੂਤ ਪਲ਼ ਉਹ ਮੇਰੇ

ਮਮਤਾਮਈ ਬਾਰਿਸ਼ ਵਿਚ ਭਿੱਜਦੇ

ਅੰਗ-ਸੰਗ ਉਹਦੀ ਛੋਹ ਨੂੰ ਮਾਣਦੇ

ਮਿੱਠੀਆਂ ਤੋਤਲੀਆਂ ਰੀਝਾਂ ਪਛਾਣਦੇ

ਪਲ਼ ਉਹ ਮੇਰੀ ਪੂਰਨਤਾ ਦੇ

ਉਹ ਪਲ਼ ਮੇਰੀ ਸੂਖ਼ਮਤਾ ਦੇ

ਪਲ਼ ਉਹ ਮੇਰੇ ਗਹਿਰ-ਗੰਭੀਰੇ

ਭਰੇ-ਭਕੁੰਨੇ ਮਿੱਠੜੇ ਖੰਡ-ਸ਼ੀਰੇ

ਮਮਤਾ ਦਾ ਮੋਹ-ਜਾਲ ਵੇਖ ਕੇ

ਰੌਸ਼ਨ ਹੋਈ ਲਾਸ਼ ਵੇਖ ਕੇ
ਖ਼ੁਦਗਰਜ਼ੀ ਦੇ ਲੱਗੇ ਪਹਿਰੇ
ਤੱਕ ਕੇ ਰੂਪ ਦਾ ਰੂਪ ਹੋਈ ਦੇ
ਨਜ਼ਰੇ ਗਏ ਉਹ ਪਲ਼ ਸੁਨਹਿਰੇ
ਜੀਣ ਲਈ ਜੋ ਖਾਧੇ ਸਨ ਟੁੱਕ
ਥਾਲ਼ ਪਰੋਸੇ ਗਏ ਉਹ ਜ਼ਹਿਰੇ
ਅੱਧੀ-ਅਧੂਰੀ ਪਾ ਕੇ ਵੀ ਮੈਂ
ਜਿਸ ਖ਼ੁਸ਼ੀ ਦਾ ਦਮ ਸੀ ਭਰਿਆ
ਕੱਟੀਆਂ-ਟੁੱਟੀਆਂ ਰਾਹਵਾਂ ਦੇ ਵਿਚ
ਲਮਹਾ-ਲਮਹਾ ਜੀਅ ਕੇ ਮਰਿਆ
ਹੋਇਆ ਬੂਟ ਨਾ ਕੋਈ ਹਰਿਆ
ਪੁਰ-ਖ਼ਲੂਸ ਮੇਰੀ ਰੂਹ ਦਾ ਰਿਸ਼ਤਾ
ਆਂਦਰਾਂ ਮੇਰੀਆਂ ਦੇ ਮੋਹ ਦਾ ਰਿਸ਼ਤਾ
ਵਿਚ ਕਲੇਜੇ ਪੈਂਦੀ ਖੋਹ ਨੂੰ
ਕੌਣ ਬੰਨ੍ਹਾਵੇ ਢਾਰਸ ਮੇਰੇ
ਰੁੜ੍ਹਦੇ ਜਾਂਦੇ ਦਿਲ ਦੇ ਲਹੂ ਨੂੰ
ਕੌਣ ਲਵੇ ਰੂਹ ਦੀਆਂ ਬਲਾਵਾਂ
ਕੰਧੀ ਉੱਤੇ ਰਿਸ਼ਤੇ ਲਈ
ਠੁੰਮਣਾ ਸੀ ਉਹ ਆਂਦਰ ਮੇਰੀ
ਲਾਸ਼ ਹੋਏ ਉਸ ਰਿਸ਼ਤੇ ਦੇ ਵਿਚ
ਜਿਉਂਦੀਆਂ ਸੀ ਮਨਸੂਈ ਸਾਹਵਾਂ

ਜ਼ਿੰਦਗੀ ਲਈ ਇਬਾਦਤ ਮੇਰੀ
ਕੁਕੂਨੁਸ ਵਾਂਗੂੰ ਰਾਖ ਚ ਉਠ ਕੇ
ਨਾਲ ਇਨਾਅਇਤ ਕਰਾਂ ਦੁਆਵਾਂ
ਨਿੱਜ ਹੋਣੇ ਉਸ ਰਿਸ਼ਤੇ ਖਾਤਿਰ
ਮੁੜ-ਮੁੜ ਕੇ ਮੈਂ ਆਪੇ ਵਰੀਆਂ
ਨਿੱਜ ਦੇ ਲਈ ਹਰ ਰੋਜ਼ ਬਲਾਵਾਂ
ਹਰ-ਪਲ਼ ਮੈਂ ਭੁਰਦੀ ਹੀ ਰਹੀਆਂ
ਪਲ਼-ਪਲ਼ ਮੈਂ ਕਿਰਦੀ ਹੀ ਰਹੀਆਂ
ਮਰਦੀ ਰਹੀਆਂ ਆਪਣੇ ਅੰਦਰ
ਢਲਦੀ ਰਹੀਆਂ ਆਪਣੇ ਅੰਦਰ
ਮਾਨੋਲਾਗ, ਮਨਬਚਨੀ ਕਰਕੇ
ਜ਼ਿੰਦਗੀ ਦੇ ਮੈਂ ਸਾਹਮਣੇ ਰਹੀਆਂ
ਹੁਣ ਮੈਂ ਆਪਣੇ ਅੱਜ ਦੀ ਤਲੀ ਤੇ
ਆਪਣੇ ਵਜੂਦ ਦੀ ਮਹਿੰਦੀ ਵਾਲਾ
ਸੂਹਾ-ਸਾਵਾਂ ਰੰਗ ਭਰ ਰਹੀਆਂ
ਕੋਰੀ-ਸੁੱਚੀ ਮਾਂਗ ਚ ਆਪਣੀ
ਸ਼ਬਦ-ਸੁਹਾਵਾ ਕੁਮਕੁਮ ਭਰ ਕੇ
ਵਰਮਾਲਾ ਤਾਰਿਆਂ ਦੀ ਪਰੋ ਕੇ
ਆਪਣੇ ਦਿਲ ਦੇ ਹਰਫ਼ ਸੰਜੋ ਕੇ
ਸਮੇਂ ਦੀ ਸੱਜਰੀ ਸਰਦਲ ਉੱਤੇ
ਆਪਣੇ ਨਾਮ ਦਾ ਦੀਪ ਧਰ ਰਹੀਆਂ

ਨਾਲ ਸਮੇਂ ਆਪਾ ਵਰ ਰਹੀਆਂ
ਹੁਣ ਮੈਂ ਖ਼ੁਦੀ ਬੁਲੰਦ ਕਰ ਰਹੀਆਂ
ਸਮਿਆਂ ਦੀ ਸੂਹੀ ਕੈਨਵਸ ਉੱਤੇ
ਆਪਣਾ ਨਿਰਮਲ ਅਕਸ ਧਰ ਰਹੀਆਂ
ਅੱਖਰ-ਅੱਖਰ ਮੋਤੀਆਂ ਦੇ ਵਿਚ
ਰੰਗ-ਬਿਰੰਗੇ ਰੰਗ ਭਰ ਰਹੀਆਂ ।

## ਚਾਨਣ ਦੀ ਛਿੱਟ

ਚਾਨਣ ਦੀ ਛਿੱਟ ਜਿਹਾ ਰੁੱਖ ਅਮਲਤਾਸ ਦਾ
ਲੱਗਦਾ ਜਿਵੇਂ ਚੰਨ ਹੈ ਜਾਂ ਸੂਰਜ ਕੋਈ
ਜੋ ਖਿੜਦੈ ਬਸੰਤੀ ਚਾਨਣੀ ਦੇ ਵਾਂਗਰ
ਧਰਤੀ ਦੀ ਹਿੱਕ ਤੇ ਫੈਲਦੈ ਪ੍ਰਕਾਸ਼ ਵਾਂਗਰ
ਤਾਰਿਆਂ ਵਾਂਗੂੰ ਟੁੱਟਦਾ ਤੇ ਬਿਖਰਦਾ.....................
ਕਾਦਰ ਦੀ ਕੁਦਰਤ ਤੋਂ ਜਾਂਦਾ ਵਾਰੇ-ਬਲਿਹਾਰੇ

ਖ਼ੁਦੀ ਨੂੰ ਮਿਟਾ ਕੇ ਵਿਛਦਾ ਖ਼ੁਦਾ ਲਈ

ਜਿਵੇਂ ਧੁੱਪ ਦਾ ਮਖ਼ਮਲੀ ਗ਼ਲੀਚਾ

ਉਹਦੀਆਂ ਚਾਨਣ ਫੁਹਾਰਾਂ ਵਿਚ ਨਹਾਉਣਾ

ਅੰਤਹਕਰਣ ਰੁਸ਼ਨਾਉਣਾ

ਕਾਦਰ ਦੀ ਕੁਦਰਤ ਵਿਚੋਂ

ਪੱਤ-ਪੱਤ ਕਿਰਦੀ ਚਾਨਣੀ ਵਿਚ

ਸਿਧਾਰਥ ਵਾਂਗ ਖ਼ੁਦੀ ਵਿਸਾਰ ਚੁੱਭੀਆਂ ਲਗਾਉਣਾ

ਧਰਤੀ ਤੇ ਵਿਛੀ ਪ੍ਰਕਾਸ਼ ਰੰਗੀ ਚਾਦਰ ਜਿਵੇਂ

ਜੋ ਬ੍ਰਹਿਮੰਡੇ ਸੋਈ ਪਿੰਡੇ

ਸਕੂਨ ਦਾ ਮਿੱਠਾ ਅਹਿਸਾਸ

ਮਨ ਦੀ ਰੇਗਿ਼ਸਤਾਨੀ ਬੁੱਕਲ਼ ਵਿਚ

ਬਦਲੌਟੀਆਂ ਦੀ ਛਾਂ

ਤੱਪਦੀ ਧਰਤੀ ਦੀ ਗੋਦ ਵਿਚ

ਕਰੋੜਾਂ ਸੂਰਜ ਚੰਨ ਅਸੀਖਾਂ,

ਆਓ ਨਾ ! ਵਿਛਾ ਦਈਏ

ਬੰਜਰ ਕੁੱਖ ਚ ਚਾਨਣ ਪਾ ਦਈਏ

ਆਓ ਨਾ !

ਸੰਦਲੀ ਹਵਾਂਵਾਂ ਰੁਮਕਣ ਲਾ ਦਈਏ

ਫੁੱਲਾਂ ਦੇ ਦੀਪ ਜਗਾ ਦਈਏ

ਕੁਦਰਤ ਨਾਲ ਸਾਂਝਾਂ ਪਾ ਲਈਏ

ਸੂਰਜ, ਚੰਨ, ਤਾਰੇ

ਧਰਤ ਥਾਲ ਵਿਚ ਧਰ ਕੇ

ਭਵਖੰਡਨ ਦੀ ਆਰਤੀ ਗਾ ਲਈਏ

ਇਲਾਹੀ ਚਾਨਣ ਵਿਚ ਨਹਾ ਲਈਏ

ਐਤਹਕਰਨ ਰੁਸ਼ਨਾ ਲਈਏ

ਆਓ ਨਾ ! ਰੁੱਖ ਲਗਾ ਲਈਏ

ਆਓ ਨਾ ! ਧਰਤੀ ਨੂੰ ਲਾੜੀ ਬਣਾ ਲਈਏ ।

## ਤਲਾਸ਼

ਜਦੋਂ ਮੇਰੀ ਕਲਮ ਦੀ ਨੋਕ

ਗੁਆਚੇ ਵੇਲਿਆਂ ਦੀ ਭੂਲ-ਭੁਲਈਆਂ ਵਿਚ

ਜੰਮੀਆਂ ਪਰਤਾਂ ਨੂੰ ਪੁੱਟਣ ਤੁਰਦੀ

ਘੇਰਾ ਪਾ ਲੈਂਦੇ ਸਿਮਰਤੀਆਂ ਦੇ ਵਾ-ਵਰੋਲੇ

ਛਟਪਟਾਂਦੀ ਹੋਈ ਰੂਹ ਮੇਰੀ

ਕਿਤੇ ਡੂੰਘੇ ਤਲ ਜਾ ਕੇ

ਗਹਿਰਾਈ ਦੀ ਸਿਖਰ ਵਿਚ ਡੁੱਬਣ ਦਾ ਯਤਨ ਕਰਦੀ

ਖ਼ੂਬਸੂਰਤੀ ਦੇ ਮੰਜ਼ਰਾਂ ਵਿਚੋਂ ਸਕੂਨ ਤਲਾਸ਼ਦੀ

ਖ਼ੁਦ ਗੁਆਚਦੀ ਚਲੀ ਜਾਂਦੀ

ਵਲਗਣਾਂ ਤੋਂ ਮੁਕਤ ਸਰਸ਼ਾਰ ਫ਼ਿਜ਼ਾਵਾਂ

ਜਿੱਥੇ ਨਿਰਮਲ ਵਹਿੰਦੇ ਪਾਣੀਆਂ 'ਤੇ

ਕੋਰੇ ਕਾਗਜ਼ਾਂ ਦੀਆਂ ਕਿਸ਼ਤੀਆਂ ਵਿਚ

ਚਲਦੇ ਨੇ ਚਿੰਤਨ ਦੇ ਚੱਪੂ

ਖ਼ੁਦ ਵਿਚੋਂ ਖ਼ੁਦ ਨੂੰ ਤਲਾਸ਼ਦੇ

ਕੋਰੇ ਬਿਲਕੁਲ ਨਵੇਂ-ਨਕੋਰ ਤਰੋ-ਤਾਜ਼ਾ ਅਹਿਸਾਸ

ਰੂਹ ਦਾ ਖੇੜਾ, ਬਸੰਤ-ਬਹਾਰ

ਛੁਟ ਜਾਂਦੇ ਉਦਾਸੀਆਂ ਦੇ ਝੁੰਡ ਜਿੱਥੇ

ਸਹਿਜ-ਸਹਿਜ ਚੱਲ ਪੈਂਦੀ ਜ਼ਿੰਦਗੀ

ਫਿਰ ਯੁੱਧਰਤ, ਨਿਰੰਤਰ, ਕਰਮ-ਯੁੱਧ

ਜ਼ਿੰਦਗੀ ਦੇ ਧੁੰਦਲੇ ਨਕਸ਼ ਸੁਆਰਨ ਲਈ।

## <u>ਰੁੱਖਾਂ ਦੇ ਸੁੱਖ</u>

ਖੜਸੋਕੜ ਰੁੱਖਾਂ ਦੀਆਂ
ਰੁੰਡ-ਮੁੰਡ ਸ਼ਾਖਾਵਾਂ ਤੇ ਵੀ
ਉੱਗ ਪੈਣ ਕੂਲੀਆਂ, ਨਰਮ, ਕਰੂੰਬਲਾਂ
ਧਰਤੀ ਤੇ ਆ ਜਾਵੇ
ਫਿਰ ਹੁਸਨ ਹੀ ਹੁਸਨ
ਧਰਤੀ ਹੋਵੇ ਜਿਵੇਂ ਕਿਸੇ ਗਾਉਂਦੀ ਹੋਈ
ਕਵਿਤਾ ਦਾ ਪਿੰਡਾ
ਟਾਹਲੀਆਂ ਵਿਚ ਪੈਰਾਂ ਦੀ ਥਿਰਕਣ,

ਪੱਤਿਆਂ ਵਿਚ ਬੁੱਲ੍ਹਾਂ ਦੀ ਫਰਕਣ
ਦੇਣ ਤਾਲ ਹਵਾਵਾਂ
ਤਬਲੇ ਦੀ ਤਾਲ ਨਾਲ
ਸੰਗੀਤ ਵਿਚ ਗੂੰਜਣ ਜਿਉਂ ਝਾਂਜਰਾਂ ਦੇ ਬੋਰ
ਕੋਇਲ ਵੀ ਬੋਲੇ ਆ ਮਿੱਠੜੇ ਜਿਹੇ ਬੋਲ,
ਲੋਕ-ਗੀਤਾਂ ਦੀਆਂ ਲਹਿਰਾਂ ਪੱਤਿਆਂ ਦਾ ਸ਼ੋਰ,
ਸੱਤ ਸੁਰ ਵਿਚ ਬੰਨ੍ਹੀਏ ਗਜ਼ਲਾਂ ਦੀ ਬਹਿਰ
ਠੰਢੀ-ਠਾਰ ਲੱਗੇ ਫਿਰ ਤੱਪਦੀ ਦੁਪਹਿਰ
ਸੁਭਾ-ਸ਼ਾਮ ਜਾਗੇ ਨਾਨਕ ਦੇ ਸ਼ਬਦਾਂ ਦੀ ਲੋਅ
ਪਿਘਲਦੀ ਹੋਈ ਨਜ਼ਮ ਦੇ ਮਿੱਠੜੇ ਬੋਲ
ਆਓ ਨਾ ਰੁੱਖ ਲਗਾ ਕੇ
ਬਣਾ ਲਈਏ ਕੁਦਰਤੀ ਸਮਤੋਲ ।

**ਇੱਛਾ**

ਖਾਰਾ ਸਮੁੰਦਰ
ਅੱਜ ਫਿਰ ਕਿਨਾਰਿਆਂ ਉੱਤੋਂ ਦੀ ਰੁੜ੍ਹਿਆ
ਉਹਦੇ ਮਨ ਦੇ ਮਹਿਲਾਂ ਦੀ ਫ਼ਸੀਲ ਦਾ
ਆਖਰੀ ਕਿੰਗਰਾ ਵੀ ਭੁਰਿਆ
ਉਹਦੇ ਘਰ ਦੇ ਮੱਥੇ ਤੋਂ ਮਿਟ ਚੁੱਕੀ ਭਾਗ ਦੀ ਰੇਖਾ
ਜ਼ਿੰਦਗੀ ਦੇ ਨ੍ਹੇਰਿਆਂ ਚ ਲੰਘਦੀ ਆਖਰੀ ਕਿਰਨ
ਬਾਬਲ ਘਰ ਹੋਰ ਘਰ ਸਿਰਜਣ ਦੀ ਉਮਰੇ
ਗੁੱਡੀ-ਪਟੋਲਿਆਂ ਦੀ ਹਾਨਣ ਨੂੰ
ਜਗਦੇ-ਬੁੱਝਦੇ ਜੁਗਨੂੰਆਂ ਦੀ ਰੌਸ਼ਨੀ ਸਹਾਰੇ
ਮਿੱਟੀ ਦਾ ਟੁਕੜਾ ਜ਼ਿਗਰ ਦੇ ਲਹੂ ਵਿਚ ਗੁੰਨ੍ਹ
ਅੱਖੀਆਂ ਦੇ ਦੀਵਿਆਂ ਵਿਚ ਹੰਝੂਆਂ ਦਾ ਤੇਲ ਪਾ

ਹੱਥਾਂ ਦੀਆਂ ਤਲੀਆਂ ਤੇ ਰੱਖ ਆਂਦਰਾਂ ਦਾ ਗੁੱਛਾ
ਵਿਚ ਅਸੀਖਾਂ ਸੂਰਜਾਂ ਦੀ ਅੱਗ ਸਮਾ
ਕੱਚੀਆਂ ਤੰਦਾਂ ਦੇ ਸ਼ਗਨਾਂ ਦਿਹਾੜੇ
ਟੁੱਟੇ ਰਿਸ਼ਤਿਆਂ ਦੇ ਦਰ ਤੋਂ
ਵੰਡੇ ਦਿਲਾਂ ਦੇ ਵਿਹੜਿਓਂ ਟੁੱਟੀ ਕੱਚੀ ਤੰਦ ਨੂੰ
ਰਹਿੰਦੇ-ਖੂੰਹਦੇ ਉਜੱੜੇ ਰਿਸ਼ਤਿਆਂ ਦੇ ਸੰਸਾਰ ਵਿਚੋਂ
ਉਹਦੇ ਬਿੰਦ ਤੋਂ ਉਪਜੀ
ਉਹਦੇ ਜੀਵਨ ਦੀ ਆਖਰੀ ਉਮੀਦ
ਅਸੀਖਾਂ ਸੂਰਜਾਂ ਚ ਘਿਰੀ ਅਣਛੋਹੀ ਖੁਸ਼ੀ
ਉਹਦੀ ਜਣਨੀ ਦੇ ਵਾਂਗਰਾਂ ਹੀ ਅੰਬਰ ਦਾ ਤਾਰਾ ਬਣੀ
ਉਹਦੀ ਅੱਖ ਦਾ ਹੰਝੂ ਖਾਰਾ ਬਣੀ
ਖਾਰੇ ਸਮੁੰਦਰ ਦਾ ਇਕ ਹੋਰ ਉਬਾਲਾ ਬਣੀ
ਉਧਾਰੀਆਂ ਖੁਸ਼ੀਆਂ ਮਗਰ ਭੱਜਦਾ ਉਹ ਬਦਕਿਸਮਤ
ਹੱਥੀ ਸਾੜੇ ਰਿਸ਼ਤਿਆਂ ਦੀ ਅੱਗ ਵਿਚ ਸੜਦਾ
ਸੂਰਜ ਦੀ ਬੁੱਝ ਚੁੱਕੀ ਆਖਰੀ ਕਿਰਨ ਨੂੰ
ਜੀਂਦੇ-ਜੀਅ ਸੰਜੋਗ-ਵਿਜੋਗ ਦੀ ਹੋਣੀ ਭੋਗਦੇ
ਜ਼ਿੰਦਗੀ ਦੇ ਦਿੱਸਹੱਦਿਆਂ ਤੋਂ ਪਾਰ ਟੱਪ ਚੁੱਕੇ
ਜੁਗਨੂੰਆਂ ਦੇ ਕਾਫਿਲੇ ਨਾਲ ਰਲਾਉਣ ਲਈ
ਪ੍ਰਵਾਰ ਦਾ ਆਖਰੀ ਸਾਂਝਾ ਰੈਣ-ਬਸੇਰਾ ਬਣਾ
ਮਾਂ-ਬਾਪੂ ਨਾਲ ਰਲ਼-ਮਿਲ ਰਹਿਣ ਲਈ
ਲੈ ਤੁਰਿਆ ਧੀ ਨੂੰ ਵੀ ਉਸੇ ਥਾਂ
ਮਿੱਟੀ ਦਾ ਅੱਗ ਨਾਲ
ਆਖਰੀ ਰਿਸ਼ਤਾ ਨਿਭਾਉਣ ਲਈ
ਮਿੱਟੀ ਨੂੰ ਮਿੱਟੀ ਨਾਲ ਮਿਲਾਣ ਦੀ
ਇੱਛਾ...............॥

## ਮੋਹ ਦੀ ਲਾਟ

ਉਹ ਜਨਮਦਾਤੀ ਸੀ
ਨਹੀਂ ਜੋ ਉਸਨੂੰ ਮਿਲੀ
ਉਹ ਤਾਂ ਕਰਤੇ ਦੀ ਦਾਤ ਸੀ
ਛੋਟੀ ਉਮਰੇ ਹੀ
ਰੱਬੀ ਮੇਹਰ ਨਾਲ
ਉਹਦੀ ਗੋਦ ਭਰ ਗਈ ਸੀ ।
ਇਕ
ਇਕ
ਨਾ ਚਾਹੁੰਦਿਆਂ
ਫਿਰ ਦੋ,
ਚਾਰ ਸਿਤਾਰੇ
ਕੁੱਲ ਦੇ ਚਿਰਾਗ
ਉਹ ਪੈਦਾ ਕਰ ਚੁੱਕੀ ਸੀ ।
ਭੋਲੀ ਸੀ ਉਹ ਤਾਂ
ਗੁੱਸਾ, ਈਰਖਾ
ਨਹੀਂ, ਸ਼ਾਇਦ
ਹੀਨ-ਭਾਵਨਾ ਦਾ ਸ਼ਿਕਾਰ ਸੀ ਉਹ ।
ਉਹਦੇ ਬੁੱਧੀ ਤਲ ਦਾ ਵਿਕਾਸ
ਆਮ ਬੱਚਿਆਂ ਨਾਲੋਂ ਘੱਟ
ਹਰ ਕੰਮ ਵਿਚ ਡਰਨਾ
ਕੰਧਾਂ ਨਾਲ ਲੱਗ-ਲੱਗ ਤੁਰਨਾ
ਉਹਦੇ ਤੋਂ ਬਾਅਦ ਘਰ ਵਿਚ ਮੇਰੀ ਆਮਦ
ਉਸ ਲਈ ਸਹਾਰਾ ਬਣੀ ਸੀ
ਸ਼ਾਇਦ ਇਸੇ ਲਈ ਮੇਰੀ ਦਿੱਖ
ਦੁਨੀਆਂ ਦੀ ਨਜ਼ਰ ਵਿਚ ਵੱਡੇ ਥਾਂ ਖੜੀ ਸੀ
ਮੇਰੀ ਮਾਂ ਪੁੱਤਰਾਂ ਵਰਗਾ ਮਾਨ ਜਤਾਉਂਦੀ
ਸ਼ੇਰ-ਦਿਲ ਤੇ ਮਰਦਾਨੇ ਹੌਸਲੇ ਦੀ ਬਲੀ ਸੀ
ਇਸੇ ਹੀਨ-ਭਾਵਨਾ ਦੇ ਸਾੜ ਵਿਚ
ਉਮਰ ਸਾਰੀ ਨਾਲ ਮੇਰੀ ਲੜੀ ਸੀ
ਮੈਂ ਵੀ ਤਾਂ ਇਸੇ ਹੀ ਸੰਤਾਪ ਵਿਚ
ਧੁਰ ਅੰਦਰ ਤੱਕ ਕੁੜ੍ਹੀ ਸੀ ।
ਅੱਜ ਦੇ ਮਾਪਿਆਂ ਦੀ ਤਰ੍ਹਾਂ
ਹੁੰਦੇ ਜੇ ਉਚੇਰੀ ਸੂਝ ਵਾਲੇ ਮਾਪੇ
ਉਹਦੀ ਮਾਨਸਿਕਤਾ ਨੂੰ ਜਾਂਚਦੇ-ਪਰਖਦੇ
ਸਿਆਣੇ-ਸੱਧਿਆਂ ਦੀ ਰਾਖ ਦੀ ਚੂੰਡੀ ਛੱਡ
ਕਿਸੇ ਡਾਕਟਰ ਦੇ ਹੱਥ ਨਬਜ਼ ਫੜਾਂਦੇ

ਪਰ !
ਗ਼ਰੀਬੀ ਅਤੇ ਅਨਪੜ੍ਹਤਾ
ਵੱਡੀ ਲਾ-ਇਲਾਜ਼ ਬਿਮਾਰੀ ਤੇ ਲਾਹਨਤ
ਇਹੀ ਹੈ ਦੇਸ਼ ਮੇਰੇ ਦੀ ਕਿਸਮਤ
ਜਿੱਥੇ ਜੰਮਣ ਤੋਂ ਪਹਿਲਾਂ
ਤੇ ਜੰਮਣ ਤੋਂ ਬਾਅਦ
ਕੋਹ-ਕੋਹ ਕੇ ਅਸਲੀ ਵਾਲੀ-ਵਾਰਸਾਂ ਵੱਲੋਂ
ਜਾਂ ਫਿਰ ਇਲਾਜ਼ ਖੁਣੋਂ
ਮਾਰ ਦਿੱਤੀਆਂ ਜਾਂਦੀਆਂ ਨੇ ਅਕਸਰ
ਜਿਨ੍ਹਾਂ ਨੂੰ ਕਹਿੰਦੇ ਨੇ ਏਥੇ ਧੀਆਂ-ਧਿਆਣੀਆਂ
ਤੇ ਨਾਲੇ ਮਰ-ਜਾਣੀਆਂ ਵੀ
ਸ਼ਾਇਦ ਇਵੇਂ ਆਖ ਹੋ ਜਾਂਦੇ ਨੇ ਸੁਰਖ਼ਰੂ
ਆਪਣੀ ਬੋਝ ਭਰੀ ਸੋਚ ਦੀ ਸੰਕੀਰਣਤਾ ਤੋਂ
ਕਹਿੰਦੇ ਨੇ ਲੋਕ ਫਿਰ ਕਿ ਕਰਤਾ !
ਕਦੇ ਆਪਣੇ ਸਿਰ ਇਲਜ਼ਾਮ ਨਹੀਂ ਧਰਦਾ
ਸ਼ਾਇਦ,
ਇਸੇ ਲਈ ਹੀ ਹਰ ਇਨਸਾਨ
ਆਪਣੀ ਆਈ ਆਪ ਮਰਦਾ
ਪਰ,
ਕੈਸੀ ਕੁਦਰਤ ਦਾਤੇ ਦੀ
ਕਿਤੇ ਪੁੱਤਰ ਤਰਸਣ ਟੁੱਕਾਂ ਨੂੰ
ਕਿਤੇ ਮਾਂਵਾਂ ਪੁੱਤਾਂ ਨੂੰ
ਮਰ ਰਹੀ ਮਾਂ ਦੇ ਸੀਨੇ ਵਿਚ
ਔਲਾਦ ਦੇ ਮੋਹ ਦੀਆਂ ਲਾਟਾਂ
ਮੌਤ ਦੇ ਦਰ ਖਲੋ
ਆਏ-ਗਏ ਤੂੰ-ਮੈਂ ਨੂੰ ਪੁੱਛਦੀਆਂ
ਕਿ ਮੈਂ ਬਚ ਜਾਂਵਾਂਗੀ !
ਮਰਨਾ ਨਹੀਂ ਚਾਹੁੰਦੀ ਮੈਂ
ਆਪਣੇ ਬੱਚਿਆਂ ਲਈ ਜੀਣਾ ਚਾਹੁੰਦੀ ਹਾਂ ।
ਉਹਨਾਂ ਨੂੰ ਪੜ੍ਹਾ-ਲਿਖਾਅ ਕੇ
ਕੁੱਝ ਬਣਾਉਣਾ ਚਾਹੁੰਦੀ ਹਾਂ ।
ਉਸ ਆਖਰੀ ਸਾਹਾਂ ਤੇ ਪਈ
ਮਾਂ ਦੇ ਮੋਹ ਦੀ ਵੇਦਨਾ ਭਰੀ ਹੂਕ
ਹਰ ਇਕ ਦੇ ਦਿਲ ਨੂੰ ਕੋਂਹਦੀ
ਪਰ, ਕੋਈ ਹੱਡ-ਮਾਸ ਦਾ ਗਰਜ਼ਮੰਦ
ਜੋ ਮਾਪਿਆਂ ਨੇ ਉਹਦੇ ਲਈ ਵਰਿਆ ਸੀ
ਉਹਦੀ ਆਪਣੀ ਔਲ਼ਾਦ ਦਾ ਦਾਵ੍ਹੇਦਾਰ

ਲਟ-ਲਟ ਮੱਚਦੀ ਮੋਹ ਦੀ ਲਾਟ
ਲਮਹਾ-ਲਮਹਾ ਖੁਰ ਰਹੀ
ਬੱਚਿਆਂ ਦੇ ਮਿਲਾਪ ਲਈ ਝੁਰ ਰਹੀ
ਜ਼ਿੰਦਗੀ ਲਈ ਤਰਸਦੀ
ਮਜ਼ਬੂਰ ਮਾਂ ਤੋਂ ਹੱਥ ਛੁਡਾ
ਆਪਣੀ ਹਾਉਮੈ ਨੂੰ ਪੱਠੇ ਪਾ
ਮਰਦਪੁਣੇ ਦੀ ਹੈਂਕੜ ਦਿਖਾ
ਕੀ ਬਿਨਾਂ ਪਸੀਜੇ ਹੀ
ਪਿੱਠ ਦੇ ਜਾ ਸਕਦਾ ਹੈ..........?
ਉਹ ਅਬਲਾ ਵਿਚਾਰੀ
ਰੰਗਲੇ ਪਾਟ-ਪਟੰਬਰ ਵਿਸਾਰੀ
ਜ਼ਿੰਦਗੀ ਦੀ ਬਾਜ਼ੀ ਜਿਹੜੀ ਬੈਠੀ ਸੀ ਹਾਰੀ
ਕੱਲਰ ਕੰਧ
ਪਰਾਇਆ ਧਨ
ਬਿਗਾਨੀ ਜਾਈ
ਅਜ਼ਲਾਂ ਤੋਂ ਦਰਦਾਂ ਸੰਗ ਪਰਨਾਈ
ਜੰਮਣਵਾਲੀ ਦੀ ਗੋਦ ਵਿਚ ਸਿਸਕਦੀ
ਆਪਣੇ ਬੱਚਿਆਂ ਦੀ ਮਮਤਾ ਲਈ ਵਿਲਕਦੀ
ਬਰੇਨ-ਟਿਊਮਰ ਦੇ ਦੌਰਿਆਂ ਨਾਲ
ਗਸ਼ ਖਾ-ਖਾ ਕੇ ਬੇਹਸ਼ ਹੁੰਦੀ
ਯਖ਼ ਠੰਢੀ, ਬਰਫ਼ ਵਾਂਗ ਖੁਰਦੀ
ਲਾਚਾਰ ਬਾਬਲ ਦਾ ਆਖਰੀ ਪਿਆਰ ਲੈ
ਨਿੱਜ ਘਰ ਵੱਲ ਨੂੰ ਵਿਦਾਇਗੀ ਪਾ
ਬਾਬਲ ਘਰੋਂ ਅਰਥੀ ਚ ਪੈ
ਲਾਟ ਬਣ ਅੰਬਰਾਂ ਨੂੰ ਉੱਠਦੀ
ਇਕ ਸਿਸਕੀ !
ਇਕ ਹੂਕ !!
ਇਕ ਆਹ !!!
ਇਕ ਅਰਜ਼ੋਈ !!!!
ਦੁਨੀਆਂ ਦੇ ਸਿਰਜਨਹਾਰ ਨੂੰ
ਔਰਤ ਜਨਮ ਕਿ ਦੁਰਕਾਰ
ਨਹੀਂ ! **ਨਹੀਂ !! ਕਦੀ ਨਹੀਂ !!!**

## ਇਸ਼ਟ ਰਜ਼ਾ ਵਿਚ ਕਰ ਬਸਰ,

ਇਸ਼ਟ ਰਜ਼ਾ ਵਿਚ ਕਰ ਬਸਰ,
ਰੂਹ ਸ਼ਾਂਤ ਜਾਏ ਵੱਲ ਹਸ਼ਰ ।
ਬਣ ਨਦੀ ਬਸ ਚਲੀ ਚਲ,
ਹੋਂਦ ਮਿਟਾ ਸਮੁੰਦਰ 'ਚ ਰਲ ।
ਇਹ ਦਿਲ ਤਾਂ ਕੋਰਾ ਹੀ ਚੰਗਾ,
ਦਿਲ ਤਾਂ ਬਸ ਭੋਲਾ ਹੀ ਚੰਗਾ ।
ਸਮਾਂ ਇਸ 'ਤੇ ਲਿਖਦਾ ਇਬਾਰਤ,
ਤਹਿਆਂ-ਦਰ-ਤਹਿਆਂ ਪਰਤ ।
ਕਈ ਹਰਫ਼ ਬਣ ਗਏ ਖੰਜਰ,
ਕਈ ਕਰ ਗਏ ਦਿਲ ਨੂੰ ਬੰਜਰ ।
ਕੰਡੇ ਸੇਹ ਦੇ ਧੱਸੇ ਰਹੇ,
ਅਸੀਂ ਉਮਰ ਸਾਰੀ ਵਿੱਸੇ ਰਹੇ ।
ਸ਼ੁਦਾਈ ਲੋਕ ਜੋ ਪੂਜਦੇ ਪੱਥਰ,
ਦਿਲ ਖ਼ੁਦਾ ਨੂੰ ਦਿੰਦੇ ਸੱਥਰ ।
ਭਟਕ ਗਏ ਵਿਚ ਸੰਘਣੇ ਜੰਗਲ,
ਵਰ੍ਹਿਆਂ ਦੀ ਉਲਫਤ ਬਣੀ ਖੰਡਰ ।
ਗ਼ਲ ਲਾਈ ਸਦਾ ਪੀੜ ਪਰਾਈ,
ਸੁੱਕੀ ਮਮਤਾ ਮਿਟੀ ਨਾ ਖਾਈ ।
ਹਰ ਇੱਛਾ ਮੇਰੀ ਰਹੀ ਅਧੂਰੀ,
ਕੀਤੇ ਵਸੀਲੇ ਹੋਈ ਨਾ ਪੂਰੀ ।
ਦਿਲ ਆਪਣਾ ਹੁਣ ਕੱਸ ਰਹੀ ਹਾਂ,
ਦੁੱਖਾਂ ਵਿਚ ਵੀ ਹੱਸ ਰਹੀ ਹਾਂ ।
ਹੁਣ ਮੈਨੂੰ ਮੇਰਾ ਰੱਬ ਹੀ ਚੰਗਾ,
"ਹਿਰਦੇ" ਦਿਸਦਾ ਸਭ ਹੀ ਚੰਗਾ ।

## <u>ਸੁਨਿਹਰੇ ਪਲ</u>

ਜ਼ਿੰਦਗੀ ਦੀ ਵਰ੍ਹਿਆਂ ਲੰਮੀ
ਸਿਆਹ ਰਾਤ ਤੋਂ ਬਾਅਦ
ਸੂਰਜ ਦੀ ਇਕ ਸੁਨਹਿਰੀ ਕਿਰਨ
ਮੇਰੇ ਦਿਲ ਦੇ ਝਰੋਖੇ ’ਚ
ਤਹਿਆਂ ਤੀਕ ਆਈ ਤਾਂ
ਉਹਦੀ ਪਹਿਲੀ ਕਦਮ-ਬੋਸੀ ਤੇ
ਸੁਨਿਹਰੇ ਹੋਏ ਉਹ ਪਲ਼
ਅੱਜ ਵੀ ਮੇਰੇ ਚੇਤਿਆਂ ਵਿਚ
ਸੱਜਰੀ ਪੈੜ ਦੀ ਤਰ੍ਹਾਂ ਜਾਗਦੇ ਪਏ ਰਹਿੰਦੇ।
ਵਿਹੜੇ ਕੋਸੀ ਧੁੱਪ ਦਾ ਅਹਿਸਾਸ
ਹਰ ਪਲ ਕਰਾਂਦੇ ।
ਵਜ਼ਦ ’ਚ ਆਏ ਰੱਬ ਦੀਆਂ
ਦੋਹੀਂ ਹੱਥੀਂ ਲੁਟਾਈਆਂ ਦੌਲਤਾਂ ਨੂੰ,
ਝੋਲੀਆਂ ਭਰ ਸਮੇਟਣ
ਤੇ ਸੰਭਾਲਣ ਦੀ ਤਾਗ਼ੀਦ
ਆਪਣੀਆਂ ਮਾਂਵਾਂ ਵਾਂਗਰ ਕਰਦੇ ।
ਭੁੱਲੇ-ਭਟਕੇ ਝੁੰਡ ’ਚੋ ਵਿਛੜੇ ਪੰਛੀ ਦਾ
ਰਹਿਨੁਮਾ ਬਣ ਮਾਰਗ ਦਸਦੇ ।
ਉਹ ਪਲ਼ ਮੈਨੂੰ ਜੁਗਨੂੰ ਲਗਦੇ
ਉਹ ਪਲ਼ ਮੈਨੂੰ ਰਾਂਝਾ ਲੱਗਦੇ,
ਕਦੇ ਪੁਨੂੰ ਕਦੇ ਮਜ਼ਨੂੰ ਲੱਗਦੇ ।
ਮੈਂ ਮਜ਼ਨੂੰ ਦੀ ਲ਼ੈਲਾ ਕਾਲੀ
ਉਹਦਾ ਮੇਰਾ ਰਿਸ਼ਤਾ ਇੰਜ ਜਿਵੇਂ
ਪਿਛਲੇ ਜਨਮ ਦੀ ਇਕ ਭਿਆਲੀ
ਤੇ ਮੈਂ ਕੋਇਲ ਕਾਲੀ
ਬ੍ਰਿਹੋਂ ਮਾਰੀ ਗੀਤ ਸੁਣਾਵਾਂ
ਪ੍ਰੀਤਾਂ ਦੀ ਮੈਂ ਜੋਗਨ ਬਣਕੇ
ਅਜ਼ਲਾਂ ਤੋਂ ਇਕ ਗੀਤ ਪੁਰਾਣਾ
ਸੁਰ ਹੋਇਆ ਲੋਕਾਂ ਵਿਚ ਗਾਂਵਾਂ ।

# ਸੱਖਣੇ ਅੰਬਰ

ਰੂਹ ਮੇਰੀ ਦੇ ਸੱਖਣੇ ਅੰਬਰੀਂ
ਮਨ ਦੀ ਕੱਲਰੀ ਧਰਤੀ ਉੱਤੇ
ਖਲ਼ਾਅ ਦਾ ਹੈ ਇਕ ਵੱਡਾ ਆਲਮ,
ਫਿਰ ਵੀ ਮੈਂ ਤਾਂ ਦਿਲ ਦੇ ਵਿਹੜੇ,
ਮੋਹ ਦਾ ਇਕ ਚਿਰਾਗ ਬਾਲਿਆ ।

ਬਣ ਮੈਂ ਗਹਿਰਾ-ਗਹਿਰਾ ਸਾਗਰ
ਖੁਸ਼ਬੂ-ਖੁਸ਼ਬੂ ਹੋਇਆ ਪਲ਼ ਜੋ
ਚੂਲੀ ਭਰਕੇ ਅੰਮ੍ਰਿਤ ਦੀ
ਘੁੱਟ-ਘੁੱਟ ਕਰਕੇ ਅੰਦਰ ਲੰਘਾ ਲਿਆ ।

ਹਨ੍ਹੇਰਿਆਂ ਦੇ ਦਿਲ ਦਰਵਾਜੇ
ਕਦੇ-ਕਦਾਈ ਟੰਗਿਆ ਮੈਂ
ਚੰਨ ਦਾ ਟੁੱਕੜਾ ਬਾਲ ਕੇ
ਬਸ ਚਾਨਣ-ਚਾਨਣ ਹੋਣ ਦੀ
ਇਕ ਰੀਝ ਦਾ ਸੁਪਨਾ ਪਾਲ਼ਿਆ ।

ਜੀਵਨ ਦੀਆਂ ਕਿਲਕਾਰੀਆਂ
ਜੋ ਜਿਊਂਦੀਆਂ ਵਿਚ ਸਿਸਕੀਆਂ
ਦਿਲ ਦੇ ਹਰਿਆਲੇ ਘਾਹ ਤੇ
ਸੱਜਰੀ ਤਰੇਲ ਵਰਗਾ
ਅਚੇਤ ਸੁਪਨਾ ਮੈਂ ਲਿਆ ।

ਕਦੇ ਜੋ ਬੇਕਸੀ ਸੰਗ ਮਸਲੇ ਗਏ
ਰੁੰਨੇ ਹੋਏ ਇਸ ਦਿਲ ਨੂੰ
ਮੁਹੱਬਤ ਚ ਮੋਏ ਸ਼ਬਦਾਂ ਦੀ
ਇਕ ਇਬਾਰਤ ਵਾਂਗਰਾਂ
ਪੈਰਾਂ ਹੇਠੋਂ ਚੁੱਕ ਮੈਂ
ਪਲਕਾਂ ਤੇ ਬਿਠਾ ਲਿਆ ।

ਪਰ ਦਿਲ ਤਾਂ ਅੱਜ ਵੀ ਲੋਚਦਾ,
ਉਲਫ਼ਤ 'ਚ ਮੋਏ ਆਸ਼ਕਾ ਦੀ,
ਨੰਗੇ ਪੈਰੀਂ ਪ੍ਰਕਰਮਾ ਕਰਨ ਨੂੰ
ਜਿੱਥੇ ਉਹਨਾਂ ਜ਼ਜਬਿਆਂ ਦਾ
ਥੇਹ ਸੀ ਬਣਾ ਲਿਆ ।

## ਕਵਿਤਾ ਦਾ ਫੁੱਲ

ਹਾਏ ਨੀ ਜਵਾਨੀਏਂ
ਤੂੰ ਕਿੱਥੇ ਭੁੱਲੇ ਪਈ ਏਂ
ਮੁਹੱਬਤਾਂ ਦੇ ਨਾਂ ਤੇ
ਜ਼ਹਿਰੀ ਪੁੜੀ ਬਣ ਗਈਂ ਏ।

ਲਿਖ ਕੇ ਸਿਰਨਾਵਾਂ
ਦਰਦੀ ਦਿਲਾਂ ਦੇ ਲਹੂ ਨਾਲ
ਘੱਲ੍ਹ ਦੇ ਖਾਂ ਕੇਰਾਂ ਉੱਥੇ
ਮੁਹੱਬਤਾਂ ਦੇ ਖ਼ਤਾਂ ਵਿਚ
ਸੱਚੀ-ਸੁੱਚੀ ਸੂਹੀ ਅਗਨ ਬਾਲ ।

ਲੱਗਦਾ ਹੋਵੇ ਪਹਿਰਾ ਜਿੱਥੇ
ਉਲਫਤ 'ਚ ਮੋਏ ਵਾਰਸਾਂ ਦਾ
ਕਰਦੇ ਹੋਣ ਪਾਕ ਫੁੱਲ
ਉੱਥੇ ਆਰਤਾ ਨਿਰਸਵਾਰਥਾਂ ਦਾ ।

ਬੇਦਰਦ ਹਵਾਂਵਾਂ ਨਾ ਦੇਣ ਜਿੱਥੇ
ਬੇਹੇ-ਤੇਹੇ ਪਿਆਰ ਦਾ ਤਾਲ
ਹਵਸੀ ਨਜ਼ਰਾਂ ਨਾ ਖੇਡਣ ਜਿੱਥੇ
ਕੰਜ-ਕੁਆਰੀਆਂ ਰੀਝਾਂ ਨਾਲ ।

ਰੂਹਾਂ ਦੇ ਉਜੜੇ-ਪੁੱਜੜੇ ਜੰਗਲੀਂ
ਟਹਿਕਣ, ਮਹਿਕਣ ਫੁੱਲ ਹਜ਼ਾਰਾਂ
ਖੜ-ਸੌਕੜ ਰੁੱਖਾਂ ਦੇ ਉਤੋਂ
ਕਵਿਤਾ ਦੀਆਂ ਪੈਣ ਫੁਹਾਰਾਂ ।

ਆਉਂਦੀ ਹੋਵੇ ਉਹਨਾਂ ਫੁੱਲਾਂ ਵਿਚੋਂ
ਸਦਾਅ ਸਦਾ ਮੁਹੱਬਤਾਂ ਦੀ
ਭਰ ਲਵੇ ਜੋ ਵਿਚ ਕਲਾਵੇ
ਬਣੇ ਉਹ ਦਰਦ ਦੁਆ ਮਨੁੱਖਤਾ ਦੀ ।

# ਪਤੰਗ

ਮੈਂ ਉੱਡਣੀ ਪਤੰਗ,
ਮੇਰੀ ਸਮੇਂ ਹੱਥ ਡੋਰ ।
ਨੀਲੇ ਅੰਬਰੀਂ ਮੈਂ ਉੱਡਾਂ,
ਪੈਲਾਂ ਪਾਂਵਾਂ ਵਾਂਗ ਮੋਰ ।
ਉੱਚੀ ਮੇਰੀ ਪਰਵਾਜ਼,
ਵਿਚ ਹੌਸਲੇ ਦਾ ਰਾਜ਼ ।
ਆਵੇ ਰੂਹ ਨੂੰ ਹੁਲਾਰ
ਮੈਂ ਤਾਂ ਤੁਣਕੇ ਦੀ ਮਾਰ ।
ਹੋਵੇ ਡੋਰ ਦਾ ਮਾਲਕ ਇਕ,
ਹਰ ਪੂਰੀ ਹੋਵੇ ਸਿੱਕ ।
ਮੇਰੀ ਮੰਗ ਏ ਪਿਆਰ,
ਦੇਦੇ ਥੋੜ੍ਹਾ ਸਤਿਕਾਰ ।
ਸੂਝਵਾਨ ਦੀ ਜੇ ਰਾਣੀ,
ਖੁੱਲ੍ਹੇ ਅੰਬਰਾਂ ਦੀ ਹਾਣੀ ।
ਤੇ ਮੈਂ ਕਮਲੀ ਸਿਆਣੀ
ਜੇ ਮੈਂ ਸਾਂਈ ਮਨ ਭਾਣੀ ।
ਜੇ ਉਹਦੀ ਨਜ਼ਰ ਫਿਰੀ,
ਮੈਂ ਦੁੱਖਾਂ ਵਿਚ ਘਿਰੀ ।
ਜੇ ਉਸ ਦਿੱਤੀ ਵਿਸਾਰ
ਮੈਂ ਨਾਰ ਬਣੀ ਬਦਕਾਰ ।
ਕਾਟੋ ਬੋ-ਬੋ ਹੋ ਗਈ ਲੋਕੋ
ਜਦ ਗਈ ਮੈਂ ਲੁੱਟੀ
ਮੈਂ ਲੁੱਟੀ ਸਮੇਂ ਦੇ ਹੱਥ
ਦਰਦ ਮੇਰਾ ਨਾ ਕੋਈ ਜਾਣੇ
ਵੇਖ ਕੇ ਲੋਕੀਂ ਮਾਰਨ ਤਾੜੀ
ਤਾੜੀ ਮਾਰ ਕੇ ਪੈਂਦੇ ਹੱਸ ।
ਮੈ ਤਾਂ ਕਟੀ ਪਤੰਗ
ਮੇਰੀ ਡੋਰ ਸਮੇਂ ਦੇ ਹੱਥ ।

# ਸਿਲਸਿਲਾ

ਸੁਪਨਿਆਂ ਵਿਚ ਨਜ਼ਰ ਆਉਂਦੇ ਮੈਨੂੰ
ਖੇਤ-ਖ਼ਲਿਆਨ ਕਦੇ ਖੁੱਲ੍ਹੇ-ਡੁੱਲ੍ਹੇ ਮੈਦਾਨ
ਉਬੜ-ਖਾਬੜ ਨਜ਼ਰ ਆਉਂਦੇ ਕਦੇ
ਤੰਗ ਰਸਤੇ ਉਦਾਲੇ ਗੰਦੇ-ਚਗ਼ਲੇ ਪਾਣੀ
ਪਾਣੀਆਂ ਵਿਚ ਦਹਿਸ਼ਤ
ਕੂੜੇ-ਕਰਕਟ ਵਿਚ ਲਾਸ਼ਾਂ ਦੀ ਵਹਿਸ਼ਤ
ਪਿੰਡ ਦਾ ਉਹ ਭੱਠਾ
ਮੀਂਹਾਂ ਦੇ ਦਿਨਾਂ ਵਿਚ
ਕਿਨਾਰਿਆਂ ਉੱਤੋਂ ਦੀ
ਗ਼ਲੀਆਂ ਨੂੰ ਹੋ ਲੱਥਦਾ
ਬਚਪਨ ਨੂੰ ਸੀ ਜੋ ਡਰਾਉਂਦਾ
ਅੱਜ ਫੇਰ ਸੁਪਨਿਆਂ ਰਾਹੀਂ
ਸੋਚ ਮੇਰੀ ਨੂੰ ਮੱਥਦਾ
ਡੋਲਦਾ ਫਿਰ ਦਿਲ ਮੇਰਾ
ਪਿਘਲ਼ਦਾ ਏ ਜਿਸਮ ਡਰ ਕੇ
ਤਾ-ਉਮਰ ਤੋਂ ਚੱਲ ਰਿਹਾ
ਜੋ ਹੁਣ ਤੱਕ ਇਹ ਸਿਲਸਿਲਾ
ਖਤਰਿਆਂ ਨਾਲ ਹਾਣ ਦਾ
ਸ਼ਾਇਦ ਮੁੱਕਣਾ ਏ ਮਰ ਕੇ........
ਇਹ ਨਦੀ ਉਮਰ ਦੀ ਤਰ ਕੇ..........

# ਘੁੰਮਣ-ਘੇਰੀ

ਬਗੈਰ ਪੁਲਾਂ ਦੇ ਉਹ ਨਹਿਰਾਂ
ਉੱਚੇ ਬੁਰਜ਼ ਲਹਿੰਦੇ-ਚੜ੍ਹਦੇ
ਘੁੰਮਣ-ਘੇਰ੍ਹੀਆਂ ਜੋ ਖਾਂਦੇ
ਡਰਾਉਂਦੇ ਸੂਕਦੇ ਉਹ ਪਾਣੀ
ਡਰ ਕੇ ਹਾਂ ਲੜ-ਖੜਾਂਦੀ
ਡਿੱਗ-ਡਿੱਗ ਕੇ ਫਿਰ ਸੰਭਲਦੀ
ਕੱਚੀ ਨੀਂਦਰ ਟੁੱਟ ਜਾਂਦੀ
ਨੀਂਦ ਦੀ ਆਗੋਸ਼ ਮੁੜ ਪੈਂਦੀ
ਸੁਪਨ ਸੰਸਾਰ ਉਹੀ ਡਰਾਉਣਾ
ਖੋਹ ਜਿਹੀ ਦਿਲ ਵਿਚ ਪੈਂਦੀ
ਉਲਝਣਾਂ ਵਿਚ ਭਟਕਣਾਂ
ਮੁਸੀਬਤਾਂ ਦੀ ਘੁੰਮਣ-ਘੇਰੀ
ਪਰ ਸਮਝ ਨਾ ਮੇਰੇ ਆਈ
ਕਿਵੇਂ ਪਾਰ ਲੱਗ ਜਾਂਦੀ
ਕਿਹੜੀ ਸੀ ਉਹ ਸ਼ਕਤੀ
ਜੋ ਮੈਨੂੰ ਪਾਰ ਲਗਾਂਦੀ
ਕੋਈ ਰਸਤਾ ਨਵਾਂ ਬਣਾਂਦੀ।

# ਤਲ਼ਬ

ਤਲ਼ਬ ਉੱਠੀ ਇਕ ਮੇਰੇ ਅੰਦਰ
ਵੱਸੇ ਜਿਵੇਂ ਕੋਈ ਮਨ ਦੇ ਮੰਦਰ
ਆਪਣੇ ਗੁਰੂ ਉਸ ਇਸ਼ਟ ਦੇ ਅੱਗੇ
ਝੁਕ ਜਾਵਣ ਦੀ ਪਿਆਸਾ ਜੱਗੇ
ਹਜ਼ੂਰ ਓਸਦੇ ਜੁੜ ਬੈਠਣ ਦੀ
ਝਲਕ ਅੰਦਰਲੇ ਦੀ ਦੇਖਣ ਦੀ
ਨੂਰ ਬਹਿਸ਼ਤਾਂ ਦਾ ਚੱਖਣ ਦੀ
ਆਪਣੇ-ਆਪੇ ਨੂੰ ਤੱਕਣ ਦੀ
ਲਲਕ ਐਸੀ ਮੁੜ-ਮੁੜ ਕੇ ਲੱਗੇ
ਉਮਾਹਾਂ ਦਾ ਜਿਉਂ ਸਾਵਣ ਵੱਗੇ।

# ਪਾਣੀ.......ਪਿਤਾ

ਪਵਨ.........ਗੁਰੂ
ਪਾਣੀ.......ਪਿਤਾ
ਬਿਨ..........ਪਾਣੀਆਂ
ਸੋਕਾ.......ਬੰਜਰ.........ਕਾਲ...........ਮੌਤ
ਮਾਤਾ ਧਰਤ ਮਹਤ ।

ਪਿਤਾ ਦਾਅ ਤੇ ਲੱਗਿਆ
ਰੇਸ ਦਾ ਘੋੜਾ
ਦਾਦੇ ਹੱਥ ਲਗਾਮ
ਚੁੱਪ-ਚਾਪ ਦੌੜੇ-ਈ-ਦੌੜੇ
ਜੋਸ਼ੀਲਾ, ਫੁਰਤੀਲਾ ਘੋੜਾ ।

ਰੋਗਾਂ-ਸੋਗਾਂ ਦੇ ਛਾਂਟੇ
ਤੰਗ-ਹੱਥਾਂ ਵਿਚ ਕੱਸੀਆਂ
ਜ਼ਿੰਦਗੀ ਦੀਆਂ ਰੱਸੀਆਂ
ਦਾਅ ਤੇ ਲੱਗਿਆ ਰਵਾਂ-ਰਵੀਂ
ਉਦਾਸ ਬੇਜ਼ਾਰ ਘੋੜਾ ।

ਭੰਡਾ-ਭੰਡਾਰੀਆ
ਇਹਨਾਂ ਧੀਆਂ ਦਾ
ਕਿੰਨਾ ਕੁ ਭਾਰ
ਇਕ ਮੁੱਠੀ ਚੁੱਕ ਲੈ ਦੂਜੀ ਤਿਆਰ ।
ਵੱਡਾ ਦਾਨੀ-ਪੁਰਸ਼ ਮੇਰਾ ਪਿਤਾ ।

ਧੀ ਦੀ ਅਰਥੀ ਦਾ ਮੋਢਾ
ਸੁੱਕੀ ਅੱਖ 'ਚ ਜਵਾਲਾ
ਚਿਖਾ ਦੀ ਮੁੱਖ-ਅਗਨੀ
ਦਨ-ਦਨਾ-ਦਨ ਦੌੜਦਾ
ਦਾਅ ਤੇ ਲੱਗਿਆ ਘੋੜਾ।

ਦੂਜੀ ਭਰੀ-ਭਰੁੰਨੀ ਮੁੱਠੀ
ਤਾਹਨੇ-ਮੇਹਣੇ, ਹਾਉਕੇ-ਹਾਵੇ,
ਲੈ ਜਦ ਪਰਤੀ ਖਾਲੀ ਮੁੱਠੀ
ਭੁੱਬੀਂ-ਭੁੱਬੀਂ, ਹੁਬਕੀਂ-ਹੁਬਕੀਂ ਰੋਇਆ
ਪਾਣੀਓਂ ਪਤਲਾ ਮੇਰਾ ਪਿਤਾ ।

ਪਾਈ ਇਹ ਸਾਰ
ਕਿ ਧੀ ਦੀ ਵੱਖਰੀ ਆਂਦਰ
ਨੂੰਹਆਂ ਨੂੰ ਔਤਾਂ ਦਾ ਪਿਆਰ
ਪਰਬਤ ਦੀ ਓਟ 'ਚ ਬੈਠਾ
ਜਾਪੇ ਸੰਤ ਮੇਰਾ ਪਿਤਾ ।

ਵੱਧਦੀ ਅੰਸ਼ ਦਾ ਖੁਮਾਰ
ਪੁੱਤਰ-ਨੂਹੀਆਂ, ਪੋਤੇ
ਚਾਅ-ਮਲ੍ਹਾਰ, ਲਾਡ-ਦੁਲਾਰ
ਦਾਅ ਤੇ ਲੱਗਣ ਦੀ ਆਦਤ ਦਾ ਮੁਰੀਦ
ਕਮਜ਼ੋਰ ਘੋੜਾ।

ਔਤਾਂ ਦਾ ਮੋਹ
ਮਹੁੱਬਤ ਦਾ ਵਗਦਾ ਦਰਿਆ
ਜ਼ਿਦਗੀ ਦੀ ਕੁੜੱਤਣ
ਸਾਰੀ ਲੈ ਗਿਆ ਰੋੜ੍ਹ
ਸੁਰਖੁਰੂ ਮੇਰਾ ਪਿਤਾ।

# ਉਦਾਸੀ

ਮੈਂ ਹੁਣ
ਉਦਾਸ ਨਹੀਂ ਰਹਿੰਦੀ
ਉਦਾਸੀ ਹੀ ਮੈਨੂੰ ਘੇਰ ਲੈਂਦੀ ਹੈ
ਬਸ, ਊਂਈਂ.... ਕਦੇ-ਕਦੇ
ਜੋਬਨ-ਮੱਤੀਆਂ ਰੁੱਤਾਂ ਵਿਚ
ਵਰ੍ਹਦਾ ਸੀ ਜਿਹੜਾ ਸਾਵਣ
ਉਹੀ ਘਿਰ ਆਉਂਦਾ ਹੈ ਕਦੇ-ਕਦੇ
ਜੰਮ ਗਈ ਲਗਦੀ ਹੈ
ਮੇਰੇ ਚੇਹਰੇ ਤੇ
ਉਦਰੇਵੇਂ ਦੀ ਪਰਤ ਜਿਹੀ
ਵੰਨ-ਸੁਵੰਨੇ ਫੇਸ-ਵਾਸ਼ ਲਾ ਕੇ
ਕਰਦੀ ਹਾਂ ਕੋਸ਼ਿਸ਼
ਕਿ ਧੋ ਸੁੱਟਾਂ
ਉਮਰਾਂ ਦੀ ਉਦਾਸੀ
ਮਹਿੰਗੇ ਸਕਰੱਬਾਂ ਨਾਲ ਰਗੜ ਦਵਾਂ
ਕਾਲਖ਼ ਉਹਨਾਂ ਨ੍ਹੇਰਿਆਂ ਦੀ
ਬਲੀਚ-ਫ਼ੇਸ਼ੀਅਲ ਵੀ
ਨਾਕਾਮ ਹੋ ਗਏ
ਅਕੇਵੇਂ ਦੀ ਕੁੜੱਤਣ
ਥਕੇਵੇਂ ਦੀ ਪਿਲੱਤਣ
ਤਾਂ ਹੁਣ ਜੰਮ ਗਈ ਹੈ ਵਾਲਾਂ ਵਿਚ
ਰਮ ਗਈ ਹੈ ਉਦਾਸੀ ਅੱਖਾਂ ਵਿਚ

## ਕੀੜੀ ਹੈ ਬੰਦਾ

ਉਹ ਵੇਲੇ ਕਿਹੋ ਜਿਹੇ ਹੁੰਦੇ ਸਨ
ਡਿੱਗ ਪੈਣ ਤੇ ਕਹਿੰਦੀ ਸੀ ਮਾਂ ਜਦੋਂ
'ਵੇਖ ਕੀੜੀ ਦਾ ਆਟਾ ਡੁੱਲ੍ਹ ਗਿਆ'
ਕੀੜੀ ਦਾ ਦੁੱਖ ਦੇਖ ਕੇ ਬੱਚੇ ਨੂੰ ਰੋਣਾ ਭੁੱਲ ਗਿਆ
ਕੀੜੀ ਦੇ ਭੁੱਖੇ ਰਹਿਣ ਦੀ
ਪੀੜ ਦਾ ਅਹਿਸਾਸ ਤਾਂ ਹੁਣ
ਪਦਾਰਥਵਾਦ ਦੀ ਨ੍ਹੇਰੀ ਦੇ ਵਿਚ ਰੁਲ ਗਿਆ
ਅੱਜ ਦੇ ਜੁਆਕ ਤਾਂ ਜਹਾਜ਼ ਦੇਖਦੇ
ਬੇਦਰਦੀ ਨਾਲ ਕੀੜੀਆਂ ਨੂੰ ਪੈਰਾਂ ਥੱਲੇ ਲੇਸਦੇ
ਲੱਗੀਆਂ ਕਤਾਰਾਂ ਕਿੱਥੋਂ ਨੇ ਥਿਆਉਣੀਆਂ
ਭੁੱਲ ਗਈ ਏ ਮਾਂ ਹੁਣ ਕੀੜੀਆਂ ਦਿਖਾਉਣੀਆਂ
ਕੀੜੀਆਂ ਮਨੁੱਖ ਨੂੰ ਅਨੁਸਾਸ਼ਨ ਸਿਖਾਉਂਦੀਆਂ
ਸਬਰ-ਸੰਤੋਖ ਦਾ ਪਾਠ ਪੜਾਉਂਦੀਆਂ
ਖ਼ੁਦ ਕੀੜੀ ਹੋਇਆ ਬੰਦਾ
ਫ਼ੁਰਸਤ ਹੈ ਕਿੱਥੇ ਕਿ ਉਹ ਵੇਖੇ ਕੀੜੀਆਂ
ਕੀੜੀਆਂ ਤਾਂ ਅਜੇ ਵੀ ਜਿਉਂਦੀਆਂ ਹੀ ਹੋਣੀਆਂ
ਬੰਦੇ ਦੀ ਹੋਣੀ ਤੇ ਸ਼ਰਮਿੰਦਾ ਨੇ ਨਿਮਾਣੀਆਂ
ਕਿ ਕਾਸ਼ ਅਸੀਂ ਵੀ ਐਰੋਪਲੇਨ ਹੁੰਦੀਆਂ
ਪਿੱਛੇ-ਪਿੱਛੇ ਬੰਦੇ ਸਪੇਨ ਜਾਂਦੀਆਂ
ਬੇਸਬਰਾ ਹੋਇਆ ਬੰਦਾ ਬਲਖ਼-ਬੁਖ਼ਾਰੇ ਚੜ੍ਹਦਾ
ਵੇਖਿਆ ਮੈਂ ਬੰਦਾ ਕਿਵੇਂ ਜਾਂਦਾ ਹੜ੍ਹਦਾ ।

## ਬਚਪਨ

ਰੰਗ-ਰੰਗੀਲਾ ਬਚਪਨ ਮੇਰਾ,
ਮੁੜ-ਮੁੜ ਰਹਿੰਦਾ ਪਾਉਂਦਾ ਫੇਰੀ ।
ਅਜ਼ਾਦ ਪੌਣਾਂ ਜਿਹੀ ਮਸਤੀ ਦੇ ਵਿਚ,
ਤਨ ਮਨ ਉੱਡੇ ਵਾਂਗ ਹਨ੍ਹੇਰੀ ।
ਸੁਪਨਿਆਂ ਦੇ ਵਿਚ ਆਣ ਜਗਾਵੇ,
ਕਿੱਦਾ ਉਹ ਪਲ ਫੜ੍ਹਲਾਂ ।
ਉਮਰ ਬੀਤਦੀ ਜਾਂਦੀ ਪਲ਼-ਪਲ,
ਤਨ ਹੁੰਦਾ ਜਾਂਦਾ ਢੇਰੀ ।
''''''''''

ਵਗਦੇ ਪਾਣੀਆਂ ਦੇ ਸੰਗ ਵਹਿਣਾ,
ਕਵਿਤਾ ਦਾ ਉਹ ਰੂਪ ਸੀ ਲੱਗਦਾ।
ਨਾਲ ਪੰਛੀਆਂ ਅੰਬਰੀਂ ਉਡੱਣਾ,
ਗੀਤ ਜਿਵੇਂ ਸਰਗਮ ਸੰਗ ਭੱਜਦਾ।
ਤਿੱਤਲੀਆਂ ਨੂੰ ਭੱਜ-ਭੱਜ ਫੜ੍ਹਨਾ
ਪਰ ਬਚਪਨ ਦਾ ਸ਼ੁਹ ਨਾ ਰੱਜਦਾ।
ਵੰਨ-ਸਵੰਨੇ ਫੁੱਲਾਂ ਨਾਲ ਖਿੜਿਆ
ਕਾਵਿ-ਕਿਆਰੀ ਜਿਹਾ ਬਾਬਲ ਵੇਹੜਾ।
ਕੁੜੀਆਂ-ਚਿੜੀਆਂ ਚਹਿਕਦੀਆਂ ਜਦੋਂ
ਕੋਨਾ-ਕੋਨਾ ਮਨ ਦਾ ਸੱਜਦਾ।

''''''''''''

# <u>ਅੰਹ ਤੇ ਮਨੁੱਖ</u>

ਅਹੰ ਤਾਂ ਮਾਰ ਦਿੰਦਾ

ਸਤਰੰਗੇ, ਸੁਗੰਧਤ ਰਿਸ਼ਤਿਆਂ ਦਾ

ਫੁੱਲਾਂ ਦੀ ਖੁਸ਼ਬੋ ਜਿਹਾ ਮਿੱਠਾ ਅਹਿਸਾਸ

ਕਿਰ ਜਾਂਦੇ ਆਹਿਸਤਾ-ਆਹਿਸਤਾ

ਉਂਗਲਾਂ ਦੀਆਂ ਵਿਰਲਾਂ ਵਿਚੋਂ

ਅੰਹ.......ਵਿਚੋਂ.......ਪੈਦਾ ਹੋਇਆ ਟਕਰਾਅ

ਨਿਗਲ ਜਾਂਦਾ ਮੁਹੱਬਤਾਂ ਦੀ ਸੀਰਨੀ

ਥਰਥਰਾਂਦੇ ਹੋਠਾਂ ਵਿਚੋਂ ਗੁੰਮ ਜਾਂਦੇ

ਉਲਫ਼ਤੀ ਨਗਮਿਆਂ ਦੇ ਸੁਰੀਲੇ ਬੋਲ

ਖੰਭ ਕੱਟਿਆ ਪੰਛੀ ਉਡਾਣਾਂ ਲਈ ਕਿਆਸਦਾ

ਹੁੰਦੀਆਂ ਨਾ ਖੰਭਾਂ ਬਿਨ ਖਰਮਸਤੀਆਂ

ਲੱਗਿਆ ਰੂਹ ਨੂੰ ਖੋਰਾ ਭਾਸਦਾ

ਬੇਰੁਖ਼ ਕੰਧਾਂ ਕੰਡਿਆਲੇ ਝਾਫੇ ਝਰੀਟਦੀਆਂ

ਟੁੱਟੇ ਤਾਰਿਆਂ ਤੇ ਔਸੀਆਂ ਉਲੀਕਦੀਆਂ

ਮੁੜ-ਮੁੜ ਮੁੱਠੀਆਂ ਭੀਚਦੀਆਂ

ਪਛਤਾਵੇ ਚ ਮੁੱਠੀਆਂ ਭੀਚਣਾਂ ਛੱਡ

ਹਰ ਸੋਚ ਨੂੰ ਰਹਿਣ ਦੇ ਅਜ਼ਾਦ,

ਮਨੋ-ਇੱਛਤ,

ਬਣ ਜਾਣਦੇ ਮਰਜ਼ੀ ਦੇ ਮਾਲਿਕ ਸਬ ਨੂੰ

ਸੂਝ-ਸਮਝ ਤੇ ਸੰਸਕਾਰਾਂ ਦੀ ਗੱਠੜੀ
ਬੰਨ੍ਹ ਦੇ ਪੱਲੇ ਵਿਚ
ਸਿਰਜਣ ਲੈਣ ਦੇ
ਰਿਸ਼ਤਿਆਂ ਦੇ ਨਵੇਂ-ਨਕੋਰ ਦਾਇਰੇ
ਤੂੰ ਆਪਣੇ ਹੱਕ ਅਤੇ
ਕਬਜ਼ਿਆਂ ਦੇ ਪਹਿਰੇ ਉਠਾ ਲੈ
ਕੌਣ ਕਹਿੰਦਾ ਹੈ ਤੈਨੂੰ ਤਿਆਗੀ ਬਣ
ਜਾਂ ਫਿਰ ਅਬਲਾ ਵਿਚਾਰੀ
ਹੰਝੂਆਂ ਦੀ ਪਟਾਰੀ
ਬਿਨਾਂ-ਸ਼ੱਕ
ਤੂੰ ਪੈਰ ਦੀ ਜੁੱਤੀ ਵੀ ਨਹੀਂ ਰਹਿਣਾ
ਪਰ ਅੜੀਏ,
ਸਿਰ ਤੇ ਵੀ ਚੜ੍ਹ ਕੇ ਨਹੀਂ ਬਹਿਣਾ
ਰਹਿਣ ਦੇ ਸਰਬ-ਰਾਹ
ਪਿਆਰ-ਪਰੁੰਨੀਆਂ ਵਲਗਣਾਂ ਦਾ
ਕੀ ਫਰਕ ਪੈਂਦੈ ?
ਚਸ਼ਮੇ ਥੱਲੇ ਪਿਆ ਪੱਥਰ
ਕਿੰਨੀ ਦੇਰ ਰੱਖੇਗਾ
ਆਪਣੀ ਹੋਂਦ ਨੂੰ ਪਥਰੀਲੀ
ਹੋ ਜਾਏਗਾ ਪਿਆਰ ਦੀ ਕਾਈ ਨਾਲ
ਹਰਿਆਲਾ ਇਕ ਦਿਨ ।

# ਤੂੰ ਸ਼ਕਤੀ ਏਂ

ਸੱਜਾ ਜੇ ਧੋਂਦਾ ਖੱਬੇ ਨੂੰ

ਸੱਜਾ ਵੀ ਤਾਂ ਕਲਪਨਾ ਨਹੀਂ ਕਰ ਸਕਦਾ

ਆਪੇ ਨੂੰ ਸੰਪੂਰਨ ਕਹਿਣ ਦੀ

ਤੂੰ ਸ਼ਕਤੀ ਏਂ

ਆਪਣਾ ਮੂਲ ਤੇ ਪਛਾਣ ਜ਼ਰਾ

ਪਿੱਠ ਤੇ ਬੰਨ੍ਹ ਕੇ ਮਮਤਾ

ਤੂੰ ਸਰ ਕਰ ਸਕਦੀ ਏਂ

ਝਾਂਸੀ ਦਾ ਮੈਦਾਨ...........

ਤੂੰ ਚਾਹੇ ਤਾਂ..........

ਬਣ ਜਾਂਵੇ ਤਪੱਸਵਿਨੀ

ਸੁੱਚੇ ਮਾਨ-ਸਰੋਵਰਾਂ ਦੀ ਹੰਸਿਨੀ...........

ਕੱਜ ਲਵੇ ਮਮਤਾ ਦੇ ਖੰਭਾਂ ਹੇਠ

ਆਂਦਰਾਂ ਦੇ ਗੁੱਛੇ

ਸਿਰੋਂ-ਨੰਗੀ ਕਰ ਲਵੇਂ ਤੈਅ

ਜ਼ਿੰਦਗੀ ਦੀ ਤਿੱਖੜ-ਦੁਪਿਹਰ

ਡੱਲ੍ਹਕਾਂ ਮਾਰਦੇ ਹੁਸਨ ਉੱਤੇ

ਤਾਣ ਲਵੇਂ ਫ਼ਰਜਾਂ ਦੀ ਸੁਰਮਈ ਸ਼ਾਮ

ਸੌ-ਸੌ ਵਾਰੀ ਨਮਨ ਤੈਨੂੰ

ਕਿਉਂਕਿ ਬਿਨ ਤੇਰੇ

ਖ਼ਲਾਅ ਹੀ ਖ਼ਲਾਅ

ਸੁੰਨਾ-ਘਰ, ਜਿੱਥੇ ਨਹੀਂ ਤੂੰ ..........

ਠੰਢਾ ਚੁੱਲ੍ਹਾ,

ਭੂਤਾਂ ਦਾ ਵੇਹੜਾ

ਸੰਧਿਆਂ ਵਕਤ ਹਨ੍ਹੇਰਾ

ਮੁੱਲ ਦਾ ਬਿਸਤਰ

ਤੂੰ ਤਾਂ ਅਰਧ-ਅੰਗ ਉਸਦਾ

ਤੇਰੇ ਨਾਲ ਹੀ ਉਹ ਪੂਰਾ

ਫਿਰ ਲੋੜ ਕਿਸਨੂੰ..........?

ਕਿਸਦੀ..............?

ਦੋ ਕਿਨਾਰੇ

ਠਾਠਾਂ ਮਾਰਦੀਆਂ ਲਹਿਰਾਂ ਨੂੰ ਸੰਭਾਲਣ ਲਈ

ਦੋਨੋਂ ਇਕ-ਦੂਜੇ ਲਈ

ਇਕ-ਦੂਜੇ ਬਿਨਾਂ ਅਧੂਰੇ

ਇਕ-ਦੂਜੇ ਨਾਲ ਪੂਰੇ

ਪ੍ਰਮਾਤਮਾ ਦੀ ਸੱਚੀ-ਸੁੱਚੀ

ਕਿਰਤ ਵਿਚ ਬਰਕਤ ਲਈ

ਪਿਆਰ-ਮੁਹੱਬਤ ਦਾ ਆਲਮ ਸਿਰਜ਼

ਜਿਸ ਵਿਚ ਨਹੀਂ ਕੋਈ ਊਚ-ਨੀਚ

ਸੱਭ ਬਰਾਬਰ

ਸਿਰਫ਼ ਤੇ ਸਿਰਫ਼ ਮਨੁੱਖ..........

## <u>ਆਦਿ-ਕਾਲ</u>

ਅਰਬਦ, ਨਰਬਦ, ਧੰਦੂਕਾਰਾ ਤੋਂ
ਬਾਅਦ ਦਾ ਕਾਲ ਮੁੜ ਆਇਆ ਹੈ।
ਪੱਥਰ ਨਾਲ ਪੱਥਰ ਰਗੜ ਕੇ
ਮਾਨਵ ਨੇ ਆਪਣੇ ਜੀਵਨ ਦਾ ਢੰਗ ਲੱਭਿਆ ਸੀ
ਉਸੇ ਅਗਨੀ ਵਿਚੋਂ ਹੀ
ਅਜੋਕਾ ਸੱਭਿਆ ਯੁਗ ਆਇਆ ਹੈ।
ਪਰ, ਅੱਜ ਫੇਰ ਘੁੱਗ ਵੱਸਦੀ ਦੁਨੀਆਂ ਦੇ
ਵਿਨਾਸ਼ ਦਾ ਸਮਾਂ ਮੁੜ ਪਰਤ ਆਇਆ ਹੈ।
ਉਹੀ ਆਦਿ-ਕਾਲ ਫਿਰ ਮੁੜ ਆਇਆ ਹੈ।
ਗੈਰ-ਕੁਦਰਤੀ
ਪਰ, ਕਾਨੂੰਨਣ
ਪੱਥਰ,
ਪੱਥਰ ਨਾਲ ਹੀ ਖਹਿਣਾ ਚਾਹੁੰਦਾ ਹੈ।
ਯੁਗ ਅਜੋਕੇ, ਭੱਠ ਚ ਝੋਕੇ
ਪੱਥਰਾਂ ਤੇ ਬਹਿਣਾ ਚਾਹੁੰਦਾ ਹੈ।
ਸਮਲਿੰਗੀ ਸਮਾਜਿਕ ਸਹਾਰਾ
ਗ਼ੈਰ-ਮਨੁੱਖੀ ਵਰਤਾਰਾ
ਘੁੱਗ ਵੱਸਦੀ ਦੁਨੀਆਂ ਦੇ
ਵਿਨਾਸ਼ ਦਾ ਸਮਾਂ ਮੁੜ ਆਇਆ ਹੈ।
ਗੁਰਮਤਿ ਨੇ ਸਾਨੂੰ ਇਹ ਨਹੀਂ ਸਿਖਾਇਆ ਹੈ।
ਪੱਥਰਾਂ ਨਾਲ ਪੱਥਰ ਟਕਰਾ ਕੇ
ਸ੍ਰਿਸ਼ਟੀ ਨੂੰ ਪੱਥਰਾ ਕੇ
ਵਿਨਾਸ਼ ਦਾ ਸਮਾਂ ਮੁੜ ਆਇਆ ਹੈ
ਉਹੀ ਆਦਿ-ਕਾਲ ਫਿਰ ਮੁੜ ਆਇਆ ਹੈ।

## ਬਾਰ ਪਰਾਏ ਬੈਸਣਾ

ਬਾਰ ਪਰਾਏ ਬੈਸਣਾ ਤਸੱਵਰ ਨਾਲ ਹੀ
ਲੱਖਾਂ ਕੀੜਿਆਂ ਜਿਹੀ ਕੁਲਬਲਾਹਟ
ਛੇੜ ਦਿੰਦੀ ਹੈ ਰੂਹ ਤੱਕ ਕੰਬਣੀ
ਇਕੱਲਤਾ ਦਾ ਆਲਮ ਸੋਚ
ਪੈਂਦੀ ਹੈ ਘਬਰਾਹਟ
ਹੁਣ ਨਹੀਂ ਜੀਅ ਸਕਦੀ
ਰਿਸ਼ਤਿਆਂ ਦੇ ਨਿੱਘ ਬਿਨਾਂ
ਆਪਣਿਆਂ ਦੇ ਸਾਥ ਬਿਨਾਂ
ਘਰ ਦੀ ਅਣਹੋਂਦ
ਫਰੀਦ ਦੀ ਪੁਕਾਰ ਬਣ ਕੂਕਦੀ
ਕਿਨਾਰਿਆਂ ਤੋਂ ਡੁੱਲ੍ਹਦੀ ਬਰਸਾਤੀ ਨਦੀ ਸੂਕਦੀ
ਪਰਾਏ ਬਾਰ ਬੈਸਣਾ ਤਸੱਵਰ ਨਾਲ ਹੀ
ਘਿਨ ਉੱਠਦੀ ਹੈ ਧੁਰ ਅੰਦਰੋਂ
ਮੂੰਹ ਕੁਸੈਲਾ ਹੋ ਜਾਂਦਾ ਹੈ
ਦਿਲ ਦੀਆਂ ਸਖ਼ਤ ਪਰਤਾਂ ਹੇਠ
ਦੱਬੀਆਂ ਬੇਰਹਿਮ ਯਾਦਾਂ
ਮੂੰਹ ਵਿਚ ਕੁੜੱਤਣ ਘੋਲ ਦਿੰਦੀਆਂ
ਸੀਨਾ ਛਲਣੀ ਕਰ ਜਾਂਦੇ
ਦੋਸਤੀ ਦਾ ਦਮ ਭਰਦੇ
ਕਿਸੇ ਮਰਦ-ਮਾਹਣੂੰ ਦੇ ਬੋਲ

ਬੋਲਾਂ ਵਿਚੋਂ ਉਠਦੀ ਬੋਅ
ਨੱਕ ਨੂੰ ਸਾੜਦੀ
ਸੀਤੇ ਜ਼ਖ਼ਮ ਉਘਾੜਦੀ
ਜਿਉਂਦੇ ਰਹਿਣ ਲਈ
ਠੁੰਮਣੇ ਬਣਾਏ ਉਧਾਰੇ ਰਿਸ਼ਤਿਆਂ ਚੋਂ
ਆਪਣਾ ਪ੍ਰਤੀਬਿੰਬ ਤਲਾਸ਼ਦੀ
ਦਿਲ ਦੀ ਹਰ ਧੜਕਣ ਉਹਨਾਂ ਤੋਂ ਵਾਰਦੀ
ਮਤਰੇਈ ਮਮਤਾ ਫਿਰ ਵੀ ਹਾਰਦੀ
ਫਿਰਦੀ ਉਮਰਾਂ ਦੇ ਕਰਜ਼ ਉਤਾਰਦੀ
ਬਾਰ ਪਰਾਏ ਬੈਸਣ ਦਾ ਦਰਦ ਨਾ ਸਹਾਰਦੀ
ਸ਼ਹੁ-ਸਾਂਈਂ ਨੂੰ ਪਾਉਣ ਲਈ
ਹਉਂ ਨੂੰ ਹਉਂ ਚੋਂ ਮਾਰਦੀ।

# ਕਰਜ਼ਦਾਰ

ਸਿਰਜਣਾਂ ਤਾਂ ਕਰਜ਼ਾ ਹੁੰਦੀ ਏ

ਕਦੇ ਨੇ ਉਤਾਰਿਆ ਜਾਣ ਵਾਲਾ

ਔਰਤ ਵੱਲੋਂ

ਆਦਮੀ ਸਿਰ

ਮੇਰਾ ਕੋਈ ਕਰਜ਼ਦਾਰ ਨਹੀਂ

ਮੇਰਾ ਤਾਂ ਸਭ ਅਰਪਣ ਹੀ ਅਰਪਣ

ਮਲਕੀਅਤ ਦੀ ਹੱਕਦਾਰ ਨਹੀਂ ਮੈਂ

ਸਿਜਣਹਾਰ ਔਰਤ ਤਾਂ

ਦਰਜਾ ਰੱਖਦੀ ਹੈ

ਸਿਰਜਣਹਾਰ ਦਾ

ਪਰ,

ਮੈਂ ਤਾਂ ਰੱਬ ਹੋਈ ਨਹੀਂ

ਮੇਰਾ ਤਾਂ ਫਿਰ ਕੋਈ ਨਹੀਂ

ਮੈਂ ਤਾਂ ਸਿਰਫ਼ ਔਰਤ ਹਾਂ

ਇਕ ਜਿਸਮਾਨੀ ਪੜਾਅ ।

## ਪ੍ਰਤੀਬਿੰਬ

ਸਿਰਜਣਾ ਹੀ ਪ੍ਰਤੀਬਿੰਬਤ ਹੁੰਦੀ ਹੈ

ਬੱਚੇ ਵਿਚ ਮਾਂ ਨਿਸ਼ਚਿਤ ਹੁੰਦੀ ਹੈ

ਉਹਦਾ ਆਦਿ ਵੀ ਤੇ ਅੰਤ ਵੀ

ਉਸ ਲਈ ਉਸਦਾ ਆਪਾ ਅਰਪਣ, ਸਮਰਪਣ

ਉਸਦੀ ਆਰਧਨਾ ਬਣੇਗੀ ਬੁਢਾਪੇ ਦੀ ਡੰਗੋਰੀ

ਮਾਤਰਤਵ ਉਸਦਾ ਗੌਰਵ

ਗੌਰਵ ਵਿਚੋਂ ਹੀ ਆਪਣਾ ਅਕਸ ਤਲਾਸ਼ਦੀ

ਮੁਹੱਬਤਾਂ ਦੀ ਆਬਸ਼ਾਰ ਬਣ ਵਗਦੀ

ਮਮਤਾ ਦਾ ਬੇਰੋਕ ਦਰਿਆ

ਕਾਂ ਬੋਲਣਾ ਸਿਖਾਉਂਦੀ

ਸੌ ਵਾਰ ਕਾਂ-ਕਾਂ ਕਰਦੀ

ਏਜ਼ਾਰ ਸਵਾਲਾਂ ਦੀ ਉਤਰ ਘੜਦੀ

ਉਹਦੇ ਭਵਿੱਖ ਦਾ ਠੁੰਮਣਾ

ਜਿਊਣ ਦੇ ਅਰਥ ਸਕਾਰ ਕਰਨ ਲਈ

ਡੰਡਾ-ਡੰਡਾ ਮੌਤ ਦੀ ਪੌੜੀ ਚੜ੍ਹਦੀ

ਆਪੇ ਵਿਚੋਂ ਆਪਾ ਸਿਰਜਦੀ ।

## ਉਧਾਰੇ ਰਿਸ਼ਤੇ

ਉਧਾਰੇ ਰਿਸ਼ਤਿਆਂ ਦੀ ਭਟਕਣਾਂ ਵਿਚ
ਨਿਰਾਸ਼ਾ ਕੁਰਲਾ ਉਠਦੀ ਹੈ
ਝੂਠੀਆਂ ਧਿਰਾਂ ਦੀ ਸਿਰਜਣਾਂ
ਦੁਨੀਆਂਦਾਰੀ ਦੰਭ ਨਿਰਾ
ਗਰਜਾਂ ਦੀ ਆਤਮਾ ਨੂੰ ਚੜ੍ਹਦੀ ਬੋ
ਦਿਲਾਂ ਦੀ ਗਹਿਰਾਈ ਵਿਚ ਉਤਰਨੋ ਵਰਜ਼ ਦਿੰਦੀ
ਕਦਮ ਚਲਦੇ ਫ਼ਰਜਾਂ ਦੀ ਪਾਲਣਾ ਲਈ
ਆਤਮਾ ਬੈਠ ਜਾਂਦੀ ਥੱਕ-ਹਾਰ
ਨਿਧਿਰਿਆਂ ਦੀ ਧਿਰ ਦੇ ਸਨਮੁਖ
ਜਿਸ ਦਾ ਅੰਸ਼ ਖੁਦ ਹੈ ਉਹ
ਪ੍ਰਤੀਬਿੰਬ ਹੈ ਜਿਸ ਸਿਰਜਣਹਾਰ ਦੀ
ਨਿਤਾਣਿਆਂ ਦੇ ਤਾਣ ਦੇ ਦਰ ਜਾ ਢਹਿੰਦੀ
ਤਲਾਸ਼ਦੀ ਹੈ ਨਿਰਵਾਣ ਰੂਹ ਦੀ ਸ਼ਾਂਤੀ
ਖ਼ਾਲੀਪਨ ਭਰਨ ਲਈ ਬੈਠ ਜਾਂਦੀ ਹੈ ਸਮਾਧੀਲੀਨ
ਜਵਾਲਾਮੁਖੀ ਹੋ ਜਾਂਦਾ ਸ਼ਾਂਤ
ਕਿਨਾਰਿਆਂ ਉਤੋਂ ਦੀ ਰੁੜ੍ਹ-ਰੁੜ੍ਹ ਜਾਂਦੀਆਂ ਲਹਿਰਾਂ
ਮੁੜ ਆਉਂਦੀਆਂ ਆਪੇ ਵਿਚ
ਅੰਦਰ ਬਾਹਰ ਸ਼ਾਂਤੀ ਹੀ ਸ਼ਾਂਤੀ
ਮਰਦੀ ਜਾਂਦੀ ਜਿੰਦ ਟਹਿਕ ਪੈਂਦੀ
ਜਿਵੇਂ ਬੁੱਝਦੇ ਦੀਵੇ ਨੂੰ ਮਿਲ ਜਾਂਦੀ
ਬੂੰਦ-ਬੂੰਦ ਨਵੀਂ ਜ਼ਿੰਦਗੀ ਖਿੜ ਪੈਂਦੀ ਜੀਵਨ ਲੋਅ
ਦੁਨੀਆਂ ਸੋਹਣੀ ਹੋਰ ਸੋਹਣੀ ਲੱਗਣ ਲਗਦੀ

ਭਾਂਵੇ ਕੁੱਝ ਹੀ ਦਿਨਾਂ ਲਈ ਵਰਤਦੀ ਇਹ ਖੇਡ
ਹੁਣ ਤਾਂ ਰੀਚਾਰਜ਼ ਮਹੀਨਿਆਂ-ਬੱਧੀ ਚਲਦਾ
ਪਰ, ਫਿਰ ਪੈਦਾ ਹੋ ਜਾਂਦੀ ਏ
ਇਕ ਹੋਰ ਤੜਪ, ਵੈਰਾਗ
ਦਿਲ, ਮਨ, ਆਤਮਾ, ਸਵਾਸਾਂ ਦੀ ਤਾਰ
ਨਾਭੀ ਤੋਂ ਕੰਠ ਤੱਕ ਇਕ ਸਾਰ
ਲੁੱਛਦੇ, ਤੜਪਦੇ ਵਿਆਕੁਲ ਹੋ ਪੁਕਾਰਦੇ
ਵਸਲ਼ ਦੀ ਤਾਂਘ ਵਿਚ
ਵੈਰਾਗ ਹੀ ਵੈਰਾਗ ਫਿਰ ਸੰਸਾਰ ਰਾਗ
ਵੀਤਰਾਗ ਬਣਿਆ ਰਹੇ
ਕਣ-ਕਣ ਵਿਚ ਰਮੇ ਹੋਏ ਦੀ ਤਲਾਸ਼ ਵਿਚ ਫਿਰ ਤੁਰਦੀ ਹਾਂ
ਜ਼ਰਾ-ਜ਼ਰਾ ਭੁਰਦੀ ਹਾਂ ਵਿਚਰਨ ਲਈ ਸੰਸਾਰ ਵਿਚ
ਘਿਰ ਜਾਂਦੀ ਹਾਂ ਤ੍ਰਿਸ਼ਨਾਂਵਾਂ ਦੇ ਤੂਫ਼ਾਨ ਵਿਚ
ਗੁਆਚ ਜਾਂਦੀ ਹਾਂ ਲਹਿਰਾਂ ਦੀ ਗਹਿਰਾਨ ਵਿਚ
ਸਾਗਰਾਂ ਦੀ ਘੁੰਮਣ-ਘੇਰੀ
ਜਿਉਂਦੀ ਹਾਂ, ਕਦੇ ਮਰਦੀ ਹਾਂ
ਆਤਮ-ਹੱਤਿਆ ਕਰਦੀ ਹਾਂ
ਮਰ ਸਕਦਾ ਹੈ ਕੋਈ ਸਦਾ ਲਈ
ਇਕੋ ਹੀ ਵਾਰ ਵਿਚ
ਪਰ, ਰੋਜ਼ ਨਵੀਂ ਮੌਤ ਮਰਨਾ
ਆਪੇ ਨੂੰ ਮਾਰ ਕੇ ਜਿਉਣਾ
ਹੈ ਬੜਾ ਔਖਾ ਬਾਰ ਪਰਾਏ ਪ੍ਰਾਹੁਣਾ
ਮਰਕੇ ਵਕਤ ਲੰਘਾਉਣਾ ।

# ਬੁੱਢੀਆਂ ਅੱਖਾਂ ਦੀ ਚਮਕ

ਥੱਕੀ-ਹਾਰੀ
ਪਕ੍ਰੋੜ
ਕੰਮਾਂ ਦੀ ਭੰਨੀ ਮੇਰੀ ਮਾਂ
ਮੈਂ ਜਦ ਵੀ ਉਸਨੂੰ ਦੇਖਿਆ
ਕੰਮਾਂ ਦੇ ਹਾਲ
ਹਾਲੋਂ-ਬੇਹਾਲ ਦੇਖਿਆ
ਉਮਰਾਂ ਲੰਮੇ ਧੰਦੇ
ਪਾਣੀਆਂ ਦੀ ਕਿੱਲਤ
ਹੋਵੇ ਲਹੌਰ ਭਾਂਵੇ ਪਿਸ਼ੌਰ
ਹੋਵੇ ਪਿੰਡ ਭਾਂਵੇ ਸ਼ਹਿਰ
ਬੂੰਦ-ਬੂੰਦ ਲਈ ਤਰਸਦੀ ਜ਼ਿੰਦਗੀ
ਤੱਪਦੇ ਦੁਪਹਿਰੀਂ
ਜਦੋ ਕਾਂ ਅੱਖ ਨਿਕਲਦੀ
ਟੂਟੀਆਂ ਤੇ ਲਗਦੀ
ਘੜਿਆਂ ਦੀ ਲੰਬੀ ਕਤਾਰ
ਤੂੰ-ਤੂੰ, ਮੈਂ-ਮੈਂ, ਹਾਲ-ਹਾਲ
ਪਾਹਰਿਆ-ਪਾਹਰਿਆ
ਜੱਦੋ-ਜ਼ਹਿਦ ਜ਼ਿੰਦਗੀ ਲਈ ਅੱਜ ਵੀ ਜ਼ਾਰੀ ਹੈ
ਮਾਂ ਅੱਜ ਵੀ ਧੰਦਿਆਂ ਦੀ ਥੱਕੀ-ਹਾਰੀ ਹੈ
ਪਰ, ਅੰਤਰ ਹੈ ਉਦੋਂ ਦੀ ਪੀੜਾਂ-ਭੰਨੀ
ਧੀਆਂ ਦੇ ਫਿਕਰਾਂ ਗੁੱਝੀ ਜਵਾਨ ਮਾਂ
ਅਤੇ ਅੱਜ ਦੀ ਝੁਰੜੀਆਂ-ਅੱਟੀ
ਥਕਾਵਟ ਵਿਚ ਚੂਰ ਮਾਂ ਦੀਆਂ ਸਮੇਂ ਤੋਂ ਪਹਿਲਾਂ
ਬੁੱਢੀਆਂ ਅੱਖਾਂ ਵਿਚ
ਚਮਕ ਹੈ.....ਆਸ ਹੈ.......ਹੁਲਾਸ ਹੈ........
ਖੁਸ਼ੀ ਦਾ ਵਿਸ਼ਵਾਸ ਹੈ
ਘਰ ਦੇ ਵਿਹੜੇ ਛਮਕ-ਛਮਕ ਦੀ ਅਵਾਜ਼ ਹੈ
ਪੋਤਿਆਂ ਦੀਆਂ ਕਿਲਕਾਰੀਆਂ
ਰੌਲਾ-ਰੱਪਾ, ਭਾਗਮ-ਭਾਗ
ਪਰ, ਅੱਜ ਕੋਈ ਖਿੱਝ ਨਹੀਂ
ਅਕਾਵਟ ਨਹੀਂ,
ਕੜਵਾਹਟ ਨਹੀਂ
ਉਮਾਹ ਬੇਅੰਤ.....ਅਪਾਰ.........
ਰੱਬ ਦੀ ਸ਼ੁਕਰਗੁਜ਼ਾਰ
ਮਾਂ ਦੀਆਂ ਕਾਮਨਾਵਾਂ ਦੀਆਂ ਖੁਸ਼ੀਆਂ
ਘਰ ਦੇ ਚੁੰਹੀ ਕੂੰਟੀ ਹੱਸਦੀਆਂ
ਕੰਧਾਂ ਵਿਚ ਖੁਸ਼ੀਆਂ ਵੱਸਦੀਆਂ।

## ਮਾਂ ਕੋਲੋਂ ਮਾਂ ਬਣਨ ਦਾ ਵਰਦਾਨ

ਮੇਰੀ ਧੀ ਦੇ ਘਰ ਰੱਬ ਭੁੱਲੇ ਪੈ ਜਾਵੇ......
ਕਿਤੇ.................
ਉੱਭਰ ਆਉਂਦੀ ਮਾਂ ਦੇ ਮੱਥੇ ਤੇ
ਚਿੰਤਾ ਦੀ ਡੂੰਘੀ ਲਕੀਰ
ਟਸ-ਟਸ ਕਰਦੇ ਸਾਹ-ਸੂਤਵੇਂ ਬੋਲ
ਧੁਰ-ਅੰਦਰ ਮੱਚਦੀ
ਮਮਤਾ ਦੀ ਧੂਣੀ
ਧੀ ਦੀ ਸੁੰਨੀ ਕੁੱਖ ਲਈ
ਸੱਤੇ ਖੈਰਾਂ ਮੰਗਦੀ
ਉਦਾਸ ਦਰਦੀਲੇ ਹਾਸਿਆਂ ਦੇ
ਗੂੰਗੇ ਘੁੰਗਰੂਆਂ ਦੀ ਛਣਕਾਰ ਵਿਚੋਂ
ਸੁੰਨੀ ਕੁੱਖ ਦਾ ਹੌਂਕਾ
ਸੁਣਨ ਦਾ ਯਤਨ ਕਰਦੀ
ਉਹਦੇ ਗਮ ਦੀਆਂ ਛੱਲਾਂ ਵਿਚ
ਆਪਣੇ ਮਨ ਦੀ ਕਿਸ਼ਤੀ ਠ੍ਹੇਲਕੇ
ਜਜ਼ਬਾਤਾਂ ਦੇ ਚੱਪੂ ਚਲਾਉਂਦੀ
ਜਾਣਬੁੱਝ ਮਾਂ ਦੀ ਚਿੰਤਾ ਵੱਲੋਂ
ਅਣਜਾਣ ਹੋਣ ਦਾ ਭਰਮ ਜਤਾਉਂਦੀ
ਬੇਮੇਲ ਰੰਗਾਂ ਤੋਂ ਉਚਾਟ
ਮਨਸੂਈ ਸਾਹਾਂ ਤੇ ਲਟਕਦੀ
ਲਰਜ਼ਦੀ ਗ੍ਰਹਿਸਥ ਦੀ
ਢਿੱਲੀ ਨਿਪੁੰਸਕ ਮਾਹਲ
ਸ਼ਿਖੰਡੀ ਜੋਤ
ਖੰਡ-ਖੰਡ ਭਟਕਦੀ
ਪਰੁਸ਼ਤਵ ਦੀ ਹਾਰ ਸ਼ਰਮਿੰਦਗੀ ਦਾ ਨਜ਼ਲਾ
ਨਸ਼ਿਆਂ ਦੀ ਹਨੇਰੀ ਗੁਫਾ ਵਿਚ ਝਾੜਦੀ
ਕਾਮ-ਉਤੇਜ਼ਨਾ ਵਰਧਕ ਓਹੜ-ਪੋਹੜ
ਹੀਲੇ ਨਾਲ ਵਸੀਲਾ
ਨਾਕਾਮ ਕੋਸ਼ਿਸ਼ਾਂ ਦਾ ਭੰਵਰਜਾਲ
ਬੇਬਸੀ ਵਿਚੋਂ ਛਟਪਟਾਹਟ ਚੀਕਦੀ
ਦੂਸ਼ਣਬਾਜੀ ਦੇ ਹਿਰਦੇ-ਵੇਦਕ ਕਲੰਕ ਹਢਾਉਂਦੀ
ਚੁੱਪ ਚ ਖਿੱਝੀ ਨਿੱਕੀ-ਨਿੱਕੀ ਖਿਟ-ਪਿਟ
ਮੋਹ ਵਿਚਲੀਆਂ ਤ੍ਰੇੜਾਂ
ਚੁੱਪੀਤੇ ਪਲਾਂ ਦੇ ਤੌਖ਼ਲੇ ਜਰਦੀਆਂ
ਛਲ਼-ਫਰੇਬ ਦਾ ਭੈਅ
ਸੁਖ਼ਨ-ਸੁਪਨਿਆਂ ਦੀ ਟੁੱਟ-ਭੱਜ ਵਿਚਲਾ ਨ੍ਹੇਰ
ਕੰਨਾਂ ਵਿਚ ਗਰਮ ਸਿੱਕਾ ਢਾਲਦੀ

ਤਲਾਕ ਰੂਪੀ ਦਾਨਵ ਦੀ ਦਹਾੜ
ਤੱਪਦੇ ਮਾਰੂਥਲ ਵਿਚ ਡਿੱਗੇ
ਜ਼ਿੰਦਗੀ ਦੇ ਟੁਕੜੇ ਨੂੰ ਬੋਚਦੀ
ਤਾਹਨੇ-ਮਿਹਣਿਆਂ ਦੀ ਗੱਠੜੀ ਘੁੱਟ-ਘੁੱਟ ਫੜ੍ਹਦੀ
ਦਿਲ ਦੀਆਂ ਸਖ਼ਤ ਪਰਤਾਂ ਵਿਚ
ਚਾਂਦੀ ਦੇ ਵਰਕਾਂ ਵਾਂਗੂ ਦਬਾਉਂਦੀ
ਸਰਦ ਹੌਂਕੇ ਦੀ ਅੱਗ ਨੂੰ
ਕਜ਼ਰਾਰੇ ਉਦਾਸ ਨੈਣਾਂ ਦੀ ਧਾਰ ਵਿਚ ਛੁਪਾਉਂਦੀ
ਮਾਂ ਕੋਲੋਂ ਮਾਂ ਬਣਨ ਦੇ ਵਰਦਾਨ ਦਾ ਟੋਟਾ
ਕੁੱਖ ਵਿਚ ਧਰਨ ਤੋਂ ਡਰਦੀ
ਬੇਜੋੜ ਮੇਲ, ਖੋਖਲੇ ਬੰਧਨ ਪਰਦਿਆਂ ਵਿਚ
ਹੋ ਨਿੱਬੜਦੇ ਨਿਰੇ ਸਰਾਪ
ਜਣਨੀ ਬਣ ਜੀਵਨ ਅਟੇਰਨ ਦੇ ਵਰਦਾਨ
ਕੁਦਰਤ ਦਾ ਸ਼ਾਹਕਾਰ ਘੜਨ ਦੇ ਮਾਣ
ਰੱਬ ਜਿਹੀ ਹੋਣ ਦੇ ਡੁੱਲ੍ਹ-ਡੁੱਲ੍ਹ ਪੈਂਦੇ ਚਾਅ
ਤੰਦੂਰ ਦਾ ਵਜੂਦ ਤੱਪਣੀ ਮਿੱਟੀ
ਹੋ ਨਿਬੜਦੇ ਉਮਰਾਂ ਦਾ ਸੰਤਾਪ
ਰੂਹ ਦਾ ਵਿਰਲਾਪ ।